
FARM AND SPICE
Open 7 Days a Week
8.30 am to 9.00 pm
SPECIAL OFFERS : 27 May - 02 Jun
Daily Specials on
ਹਰਾ ਪਿਆਜ
Green Onion
69¢ /each
ਪੁਦੀਨਾ
Mint
99¢ each
ਜ਼ੁਕੀਨੀ
Zucchini
$1.29 /lb
ਲਾਲ ਅੰਗੂਰ
Red Grapes
$1.99 /lb
ਸਟ੍ਰਾਬੈਰੀ
Strawberry
1lb
$2.99 each
ਪਪੀਤਾ
Papaya
$2.49 /lb
ਖੀਰਾ
English Cucumber
99¢ each
ਨਮਕੀਨਜ਼
Balaji
Assorted Namkeen
200g
$1.49 each
ਹਲਦੀਰਾਮ ਨਮਕੀਨ
Haldiram
Assorted Namkeen
150-200g
$1.29 each
ਹਲਦੀਰਾਮ ਪੇਠਾ
Haldiram
Agra Petha
200g
$1.99 each
ਨਮਕੀਨਜ਼
Balaji
Assorted Namkeen
500g
$2.99 each
ਸ਼ਾਨ ਅਚਾਰ
Shan
Mango/mix/chilli
Punjabi mix hydrabadi Pickles
1kg
$3.99 each
ਚਿੰਗ ਸਾਸ (ਐਸਾਰਟਿਡ)
Ching's Sauce
Greenchilli/Red Chilli/
Dark Soya
200g
99¢ /each
ਪਨੀਰ
Mother Dairy
Fresh Paneer
340g
$3.99 each
ਮੈਗੀ ਨੂਡਲਜ਼
Maggi
Noodles
280g
$0.99 each
420g
$1.99 each
560g
$2.99 each
ਹਲਦੀਰਾਮ ਪੇਠਾ
Haldiram
Agra Petha
350g
$3.49 each
ਹੈਲੋ ਜੀ ਰੱਸ
Hello ji
Saunf Elaichi &
Milk Rusk
600g
$3.99 each
ਸੌਰਭੀ ਐਸਾਰਟਿਡ ਆਟਾ
Saurbhi Flour
Bajari Flour/Corn Flour/ Ragi Atta/Besan
4lb
$3.99 each
ਰੂਹਅਫਜ਼ਾ
Roohafza
Indian/Pakistani
$3.99 each
ਬਾਸਮਤੀ ਚਾਵਲ
India at Home
Dehradun Basmati Rati
8lb
$7.99 each
ਸ਼ਾਨ-ਏ-ਪੰਜਾਬ ਆਟਾ
Shaan-e-Punjab
Chakki Atta
20lb
$9.99 each
DHALIWAL BAKERY ITEMS AVAILABLE NOW
# 09-10 12830 96 Ave. Surrey BC | Tel: 604 930 7742
# 103-104 14320 64 Ave. Surrey BC | Tel: 604 593 6323
Curbside pick up available

CIVIC FAMILY HEALTH CENTRE
WE CARE PHARMACY

# WE CARE PHARMACY & MEDICAL CLINIC






## Civic Family Health Centre & We Care Medical Clinic are accepting New Family Patients

## ਅਸੀਂ ਨਵੇਂ ਮਰੀਜ ਲੈ ਰਹੇ ਹਾਂ ਅਤੇ ਹਫਤੇ ਦੇ 7 ਦਿਨ ਖੁੱਲ੍ਹਦੇ ਹਾਂ

## WE CARE
### WALK-INS

When you have difficulty seeing your family doctor for your medical needs please visit our walk-in clinic.

## WE CARE
### COMPLEX CARE CLINIC

(Team Based Approach)

Physician | Pharmacist
Physiotherapist | Patient

## WE CARE PHARMACY
### SERVICES OFFERED

Medication Counselling
Over-the-counter medication advise

- Insurance Claim Processing
- Medication Reviews
- Home Care Supplies
- Diabetic Supplies
- Ostomy Supplies
- Flu Shots & routine Vaccination
- Smoking Cassation Program
- Free Prescription delivery

## ਅਸੀਂ ਪੰਜਾਬੀ,ਹਿੰਦੀ ਅਤੇ ਇੰਗਲਿਸ਼ ਵਿੱਚ ਸੇਵਾਵਾਂ ਦਿੰਦੇ ਹਾਂ।

### WE CARE MEDICAL CLINIC
Ph: 604-593-6934
Fax: 604-593-6933

### WE CARE PHARMACY
Ph: 604-593-6924
Fax: 604-593-6925

#100-101, 6329 King George Blvd., Surrey, BC- V3X 1G1

### CIVIC FAMILY HEALTH CENTRE
Ph: 778-565-7844
Fax: 778-819-0180

### WE CARE PHARMACY#2
Ph: 778-565-7988
Fax: 778-565-7989

Add:110-13588 88 Ave, Surrey, BC- V3W 3K8

For more info Please Visit www.wecarerx.ca

# ਤਨਖਾਹੀਆਂ ਧਮਿੰਦਰ ਸਿੰਘ ਦਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ 'ਤੇ ਇਲਜ਼ਾਮ

## ਈ-ਮੇਲ ਰਾਹੀਂ ਭੇਜਿਆ ਜਵਾਬ, ਪੇਸ਼ ਨਾ ਹੋਣ ਲਈ ਮੰਗੀ ਮੁਆਫ਼ੀ



ਅੰਮ੍ਰਿਤਸਰ-ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਆਨਲਾਈਨ ਗਲਤੀਆਂ ਨਾਲ ਪ੍ਰਕਾਸ਼ਿਤ ਕਰਨ ਲਈ ਤਨਖਾਹੀਆਂ ਕਰਾਰ ਦਿੱਤੇ ਗਏ ਧਮਿੰਦਰ ਸਿੰਘ ਆਨੰਦ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐੱਸ.ਜੀ.ਪੀ.ਸੀ.) 'ਤੇ ਨਿਸ਼ਾਨਾ ਸਾਧਿਆ ਹੈ। ਅਮਰੀਕਾ 'ਚ ਵਸੇ ਧਮਿੰਦਰ ਸਿੰਘ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਈ-ਮੇਲ ਰਾਹੀਂ ਜਵਾਬ ਭੇਜਿਆ ਹੈ। ਧਮਿੰਦਰ ਨੇ ਆਪਣੀ ਗੈਰ-ਹਾਜ਼ਰੀ ਲਈ ਮੁਆਫੀ ਵੀ ਮੰਗ ਲਈ ਹੈ।ਅਮਰੀਕਾ ਵਿਚ ਰਹਿੰਦਿਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਆਨਲਾਈਨ ਪ੍ਰਕਾਸ਼ ਕਰਨ ਵਾਲੇ ਧਮਿੰਦਰ ਸਿੰਘ ਆਨੰਦ ਨੇ ਦੋਸ਼ ਲਾਇਆ ਹੈ ਕਿ ਸ਼੍ਰੋਮਣੀ ਕਮੇਟੀ ਵੱਲੋਂ 1952 ਵਿਚ ਪ੍ਰਕਾਸ਼ਿਤ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਵਿਚ 700 ਤੋਂ ਵੱਧ ਗਲਤੀਆਂ ਹੋਈਆਂ ਹਨ। ਇਹ ਗਲਤੀਆਂ ਹੁਣ 5,000 ਤੋਂ ਵੱਧ ਹੋ ਗਈਆਂ ਹਨ। ਇਨ੍ਹਾਂ ਨੂੰ ਸੁਧਾਰਨ ਲਈ ਸਮੇਂ-ਸਮੇਂ 'ਤੇ ਵੱਖ-ਵੱਖ ਕਮੇਟੀਆਂ ਦਾ ਗਠਨ ਵੀ ਕੀਤਾ ਗਿਆ ਹੈ, ਜਿਨ੍ਹਾਂ ਤੋਂ ਸਪੱਸ਼ਟ ਹੁੰਦਾ ਹੈ ਕਿ ਸ਼੍ਰੋਮਣੀ ਕਮੇਟੀ ਨੇ ਇਨ੍ਹਾਂ ਗਲਤੀਆਂ ਨੂੰ ਸਵੀਕਾਰ ਕੀਤਾ ਹੈ।ਦੱਸ ਦਈਏ ਕਿ ਧਮਿੰਦਰ ਨੇ ਸਿਹਤ ਦਾ ਹਵਾਲਾ ਦਿੰਦੇ ਹੋਏ ਜਥੇਦਾਰਾਂ ਅੱਗੇ ਪੇਸ਼ ਨਾ ਹੋਣ 'ਤੇ ਆਪਣੀ ਬੇਵਸੀ ਜ਼ਾਹਰ ਕੀਤੀ ਹੈ। ਧਮਿੰਦਰ ਸਿੰਘ ਆਨੰਦ ਨੇ ਆਪਣੇ ਜਵਾਬ ਵਿਚ ਲਿਖਿਆ ਹੈ ਕਿ ਬਦਕਿਸਮਤੀ ਨਾਲ ਉਨ੍ਹਾਂ ਦੀ ਸਿਹਤ ਵਿਗੜਨ ਕਾਰਨ ਉਹ ਨਹੀਂ ਪਹੁੰਚ ਸਕੇ। ਉਸ ਦੇ ਡਾਕਟਰ ਨੇ ਉਸ ਨੂੰ ਕਿਸੇ ਵੀ ਤਰ੍ਹਾਂ ਦੀ ਯਾਤਰਾ ਕਰਨ 'ਤੇ ਪਾਬੰਦੀ ਲਗਾਈ ਹੈ।

# ਭਾਰਤ ਨੇ ਬਿਲਾਵਲ ਦੀ ਟਿੱਪਣੀ ਨੂੰ ਮੁੱਢੋਂ ਰੱਦ ਕੀਤਾ

ਸੰਯੁਕਤ ਰਾਸ਼ਟਰ-ਭਾਰਤ ਨੇ ਸੰਯੁਕਤ ਰਾਸ਼ਟਰ ਸੁਰੱਖਿਆ ਪਰਿਸ਼ਦ (ਯੂਐੱਨਐੱਸਸੀ) 'ਚ ਜੰਮੂ-ਕਸ਼ਮੀਰ ਬਾਰੇ ਬੇਲੋੜੀ ਟਿੱਪਣੀ' ਕਰਨ 'ਤੇ ਪਾਕਿਸਤਾਨ 'ਤੇ ਨਿਸ਼ਾਨਾ ਸਾਧਿਆ। ਭਾਰਤ ਨੇ ਕਿਹਾ ਹੈ ਕਿ ਪਾਕਿਸਤਾਨ ਦੇ ਵਿਦੇਸ਼ ਮੰਤਰੀ ਬਿਲਾਵਲ ਭੁੱਟੋ ਜ਼ਰਦਾਰੀ ਦੀ ਸੰਯੁਕਤ ਰਾਸ਼ਟਰ ਸੁਰੱਖਿਆ ਪਰਿਸ਼ਦ ਵਿੱਚ ਟਿੱਪਣੀ ਰਟੀ-ਰਟਾਈ ਪ੍ਰਤੀਕਿਰਿਆ ਹੈ, ਜਿਸ ਦਾ ਉਦੇਸ਼ ਨਵੀਂ ਦਿੱਲੀ ਵਿਰੁੱਧ ਝੂਠਾ ਅਤੇ ਦੁਰਭਾਵਨਾ ਵਾਲਾ ਪ੍ਰਚਾਰ ਕਰਨਾ ਹੈ।


**Sidhu Homeopathic Clinic**

Homeopathic Treatment for Anxiety, Depression, Insomnia, Asthma, Allergies, Skin Diseases Dandruf, Arthritis, Uric Acid, Gastric Problems like Acidity, Kidney Stones, Male and Female Diseases



Dr. Malkit Singh Sidhu
D.H.M.S. (Hons.)
drmsidhu2@gmail.com

ਮਾਨਸਿਕ ਰੋਗ, ਘਬਰਾਹਟ, ਨੀਂਦ ਨਾ ਆਉਣੀ, ਦਮਾਂ, ਮੂੰਹ ਪੱਕਣਾ, ਚਮੜੀ ਰੋਗ, ਵਾਲਾਂ ਦੀ ਸਿੱਕਰੀ, ਜੋੜਾਂ ਦੇ ਦਰਦ, ਗਠੀਆ, ਯੂਰਿਕ ਐਸਿਡ, ਗੁਰਦਿਆਂ ਦੀਆਂ ਪੱਥਰੀਆਂ, ਮਰਦਾਂ ਅਤੇ ਇਸਤਰੀਆਂ ਦੇ ਰੋਗਾਂ ਅਤੇ ਨਸ਼ਾ ਛੁਡਾਉਣ ਲਈ ਹੋਮਿਓਪੈਥਿਕ ਦਵਾਈਆਂ ਨਾਲ ਇਲਾਜ ਕੀਤਾ ਜਾਂਦਾ ਹੈ।




Dr. Kirandeep Kaur Sidhu
D.H.M.S. (Pb.)
drksidhu70@gmail.com

Ph: 604-446-3154 NO SIDE EFFECTS
#109-12830-80Ave, Surrey, BC V3W 3A8 (York Centre)



www.accuraterailing.com

**AccurateRailing & AWNING LTD**



* Topline Aluminum Patio Cover
* Car Ports * Insulated Patio Roof
* Gate or SDP Acrylic Patio Roof
* Custom Built Sunroom Enclosures

* Aluminum Picket Railing
* Glass Railing * Aluminum Fences
* Driveway Power or Manual Sliding & Swing Gate
* Window Security Bars

* ਪੈਟੀਉ ਕਵਰ
* ਅਲਮੀਨੀਅਮ ਰੇਲਿੰਗ
* ਗਲਾਸ ਰੇਲਿੰਗ * ਅਲਮੀਨੀਅਮ ਫੈਂਸ
* ਡਰਾਈਵੇਅ ਸਲਾਈਡਿੰਗ ਡੋਰ (ਪਾਵਰ ਜਾਂ ਮੈਨੂਅਲ)
* ਵਿੰਡੋ ਸਿਕਉਰਟੀ ਬਾਰ

For more information call:
Avtar S. Devgan or Jagtar S. Devgan
Ph: 604-596-6512
Cell: 604-866-1432 * Cell: 604-961-8767
*Unit # 126, 130 - 12639 - 80th Avenue, Surrey*


# ਭੀੜ ਨੇ ਪੁਲਿਸ ਸਟੇਸ਼ਨ ਨੂੰ ਸਾੜਿਆ ਪ੍ਰਸ਼ਾਸਨ ਨੇ ਦੋਸ਼ੀਆਂ ਦੇ ਘਰਾਂ ਨੂੰ ਬੁਲਡੋਜ਼ ਕੀਤਾ

ਅਸਾਮ:21 ਮਈ ਨੂੰ, ਇੱਕ ਮੱਛੀ ਵਪਾਰੀ ਸਫੀਕੁਲ ਇਸਲਾਮ ਦੀ ਕਥਿਤ ਹਿਰਾਸਤ ਵਿੱਚ ਮੌਤ ਤੋਂ ਬਾਅਦ, ਆਸਾਮ ਦੇ ਨਾਗਾਓਂ ਜ਼ਿਲ੍ਹੇ ਵਿੱਚ ਇੱਕ ਭੀੜ ਨੇ ਬਤਦਰਵਾ ਥਾਣੇ ਨੂੰ ਅੱਗ ਲਗਾ ਦਿੱਤੀ।ਪ੍ਰਸ਼ਾਸਨ ਨੇ ਪਿੰਡ ਸਲੋਨਾਬਾੜੀ ਵਿੱਚ ਇੱਕ ਮੁਹਿੰਮ ਚਲਾਈ ਅਤੇ ਕਥਿਤ ਤੌਰ 'ਤੇ ਅੱਗ ਲਗਾਉਣ ਵਾਲੇ ਦੋਸ਼ੀਆਂ ਦੇ ਘਰਾਂ ਨੂੰ ਢਾਹ ਦਿੱਤਾ। ਪੁਲਿਸ ਨੇ ਹਿਰਾਸਤੀ ਮੌਤ ਤੋਂ ਵੀ ਇਨਕਾਰ ਕੀਤਾ ਹੈ। ਹਾਲਾਂਕਿ, ਮ੍ਰਿਤਕ ਦੇ ਪਰਿਵਾਰਕ ਮੈਂਬਰਾਂ ਨੇ ਦਾਅਵਾ ਕੀਤਾ ਕਿ ਪੁਲਿਸ ਨੇ ਉਸਦੀ ਰਿਹਾਈ ਲਈ ਰਿਸ਼ਵਤ ਵਜੋਂ 10,000 ਰੁਪਏ ਅਤੇ ਇੱਕ ਬੱਤਖ ਦੀ ਮੰਗ ਕੀਤੀ ਸੀ।ਪੁਲਸ ਅਧਿਕਾਰੀਆਂ ਨੇ ਦੱਸਿਆ ਕਿ ਐਤਵਾਰ ਸਵੇਰੇ ਪ੍ਰਸ਼ਾਸਨ ਦੇ ਅਧਿਕਾਰੀ ਬੁਲਡੋਜ਼ਰ ਲੈ ਕੇ ਥਾਣੇ ਤੋਂ ਕਰੀਬ ਛੇ ਕਿਲੋਮੀਟਰ ਦੂਰ ਪਿੰਡ 'ਚ ਪਹੁੰਚੇ ਅਤੇ ਪੁਲਸ ਸਟੇਸ਼ਨ ਨੂੰ ਅੱਗ ਲਗਾਉਣ ਵਾਲਿਆਂ ਦੇ 'ਨਜਾਇਜ਼' ਘਰਾਂ ਨੂੰ ਢਾਹ ਦਿੱਤਾ।


**Charlesworth insurance services ltd.**

Servicing the following insurance needs:

- Homeowners • Condo • Cargo
- Tenants • RV's • Liability
- Farms • Business • Auto
- Travel • Contractors • Private Auto
- Life • Disability • Marriage Licence Issuer

ICBC autoplan VISA MasterCard

*"For Fast, Friendly and Reliable Service!"*



Phone: 604-852-2565
Fax: 852-2996

OPEN 7 DAYS A WEEK
MON, TUE, WED 8:30 AM - 8 PM
THUR, FRI 8:30 AM - 9 PM
SATURDAY 9 AM - 6 PM
SUN & HOLIDAYS 10 AM - 5 PM

1A-32465 South Fraser Way, Abbotsford, BC V2T 1X4



**KOHALY PRINTING**

Tel:604.594.2324 Fax:604.594.2361
Unit 210-12837-76th Ave, Surrey, B.C V3W2V3
www.kohalyprinting.com Email: info@kohalyprinting.com




Best Rates
ਵਿਆਹ ਦੇ ਕਾਰਡ

Letterheads, Business Cards, Envelops, Invoices, Flyers, Folding, Stitching, Numbering, Rubbers Stamps, Receipt Books, Brochures, All kinds of Signs and Decals

ਲੈਟਰਹੈੱਡ, ਬਿਜਨਸ ਕਾਰਡ, ਲਫਾਫੇ, ਇਨਵੋਏਸਿਸ, ਇਸ਼ਤਿਹਾਰ, ਫੋਲਡਿੰਗ, ਸਟਿਚਿੰਗ, ਨੰਬਰਿੰਗ, ਰਬਰ ਸਟੈਂਪਸ, ਰਸੀਦ ਬੁੱਕ, ਬਰਾਊਚਰਜ ਅਤੇ ਹਰ ਤਰ੍ਹਾਂ ਦੇ ਸਾਈਨ ਤੇ ਡੈਕਲ

ਵਧੀਆ ਪ੍ਰਿੰਟਿੰਗ ਅਤੇ ਘੱਟ ਘੱਟ ਕੀਮਤਾਂ ਤੇ ਪ੍ਰਿੰਟਿੰਗ ਦਾ ਕੰਮ ਕਰਾਉਣ ਲਈ ਸਾਡੇ ਨਾਲ ਸੰਪਰਕ ਕਰੋ

# ਕੱਲ੍ਹ ਦੇ ਕਾਂਗਰਸ ਪ੍ਰਧਾਨ, ਅੱਜ ਬੀਜੇਪੀ ਦੇ ਪ੍ਰਚਾਰਕ ਬਣੇ ਜਾਖੜ ਜੀ




ਸੁਨੀਲ ਜਾਖੜ ਦੇ ਸ਼ਬਦੀ ਇਸ਼ਾਰਿਆਂ ਤੋਂ ਤਾਂ ਇਹੀ ਪਤਾ ਲੱਗ ਰਿਹਾ ਸੀ ਕਿ ਉਹ 'ਆਪ' ਵਲ ਜਾਣਗੇ ਪਰ ਆਖ਼ਰਕਾਰ ਉਹ ਭਾਜਪਾ ਵਿਚ ਸ਼ਾਮਲ ਹੋ ਗਏ। ਉਂਜ ਉਨ੍ਹਾਂ ਵਲੋਂ ਭਾਜਪਾ ਵਿਚ ਸ਼ਾਮਲ ਹੋਣ ਵੇਲੇ ਬੋਲੇ ਕੁੱਝ ਵਾਕ ਸੁਣ ਕੇ ਪਹਿਲੀ ਵਾਰ ਜਾਖੜ ਦੇ ਇਕ ਸਿਆਸਤਦਾਨ ਹੋਣ ਦਾ ਅਹਿਸਾਸ ਹੋਇਆ। ਉਨ੍ਹਾਂ ਪ੍ਰਧਾਨ ਮੰਤਰੀ ਵਲੋਂ ਲਾਲ ਕਿਲ੍ਹੇ ਤੋਂ ਗੁਰੂ ਤੇਗ਼ ਬਹਾਦਰ ਜੀ ਨੂੰ ਸ਼ਰਧਾਂਜਲੀ ਦੇਣ ਨੂੰ ਡਾ. ਮੁਹੰਮਦ ਇਕਬਾਲ ਦੀ ਗੁਰੂ ਨਾਨਕ ਸਾਹਿਬ ਨੂੰ ਦਿਤੀ ਸ਼ਰਧਾਂਜਲੀ ਨਾਲ ਰਲਗੱਡ ਕਰ ਦਿਤਾ, ''ਫਿਰ ਉਠੀ ਤੌਹੀਦ ਕੀ ਸਦਾ ਇਕ ਪੰਜਾਬ ਸੇ ਹਿੰਦ ਕੋ ਇਕ ਮਰਦ-ਇ ਕਾਮਲ ਨੇ ਜਗਾਇਆ ਖ਼ਵਾਬ ਸੇ।'ਖ਼ਾਲਸੇ ਦੇ ਹਥਿਆਰਬੰਦ ਇਨਕਲਾਬ ਨੂੰ ਇਕਬਾਲ ਦੀ ਤੌਹੀਦ (ਰੂਹਾਨੀਅਤ) ਦੀ ਸਦਾਅ ਨਾਲ ਜੋੜ ਕੇ ਵੱਡੇ ਸਵਾਲ ਖੜੇ ਕਰ ਦਿਤੇ ਹਨ।ਜਾਖੜ ਜੀ ਗੁਰਬਾਣੀ ਦਾ ਸਹਾਰਾ ਲੈ ਕੇ ''ਮਾਨਸ ਕੀ ਜਾਤ ਸਭੈ ਏਕੈ ਹੀ ਪਹਿਚਾਨਬੋ'' ਅਪਣੇ ਸਿਆਸੀ ਫ਼ੈਸਲੇ ਨੂੰ ਸਹੀ ਦਰਸਾਉਣ ਦਾ ਯਤਨ ਵੀ ਕਰ ਗਏ ਪਰ ਫਿਰ ਉਹ ਉਸ ਸਮੇਂ ਕੀ ਕਰ ਰਹੇ ਸਨ ਜਦ ਉਹ ਕੁੱਝ ਮਹੀਨੇ ਪਹਿਲਾਂ ਹੀ ਭਾਜਪਾ ਨੂੰ ਫ਼ਿਰਕਾਪ੍ਰਸਤ ਤੇ ਗ਼ਰੀਬ ਦੀ ਦੁਸ਼ਮਣ ਆਖ ਰਹੇ ਸਨ? ਕਿਉਂਕਿ ਉਨ੍ਹਾਂ ਨੂੰ ਅੰਬਿਕਾ ਸੋਨੀ ਨੇ ਉਨ੍ਹਾਂ ਦੇ ਧਰਮ ਦਾ ਜ਼ਿਕਰ ਕਰ ਕੇ ਮੁੱਖ ਮੰਤਰੀ ਨਹੀਂ ਸੀ ਬਣਨ ਦਿਤਾ, ਅੱਜ ਉਨ੍ਹਾਂ ਨੂੰ ਉਹ ਸੱਭ ਭਾਜਪਾ ਵਿਚ ਦਿਖਾਈ ਦੇ ਗਿਆ ਜੋ ਪਹਿਲਾਂ ਕਾਂਗਰਸ ਵਿਚ ਦਿਸਦਾ ਸੀ।

ਜਾਖੜ ਜੀ ਨਾਲੋਂ ਜ਼ਿਆਦਾ ਸੱਚੀ ਟਿਪਣੀ ਹਾਰਦਿਕ ਪਟੇਲ ਦੀ ਸੀ ਜਿਸ ਨੇ ਕਾਂਗਰਸ ਨੂੰ ਛਡਦੇ ਹੋਏ ਆਖਿਆ ਕਿ ਇਹ ਪਾਰਟੀ ਹੁਣ ਸਿਰਫ਼ ਕੁੱਝ ਖ਼ਾਸ ਲੋਕਾਂ ਦੀ ਸੇਵਾ ਵਾਸਤੇ ਹੀ ਰਹਿ ਗਈ ਹੈ ਤੇ ਆਉਣ ਵਾਲੇ ਸਮੇਂ ਵਿਚ ਸਿਰਫ਼ 'ਆਪ' ਹੋਵੇਗੀ ਜਾਂ 'ਭਾਜਪਾ'। ਅਸਲ ਵਿਚ ਅੱਜ ਦੇਸ਼ ਦੋ ਧੜਿਆਂ ਦੀ ਸਿਆਸਤ ਵਿਚੋਂ ਕਿਸੇ ਇਕ ਦੀ ਚੋਣ ਕਰਨ ਜਾ ਰਿਹਾ ਹੈ। ਇਕ ਉਹ ਜੋ ਇਕ ਫ਼ੀ ਸਦੀ ਕਾਰਪੋਰੇਟ ਜਗਤ ਦਾ ਪੱਖ ਲਵੇਗਾ ਤੇ ਦੂਜਾ ਉਹ ਜੋ ਆਮ ਗ਼ਰੀਬ ਵਾਸਤੇ ਹੇਠਲੇ ਪੱਧਰ 'ਤੇ ਕੰਮ ਕਰੇਗਾ।


ਭਾਜਪਾ 'ਹਿੰਦੂਤਵਾ' ਤੇ ਪੰਜਾਬ ਵਿਚ ਸਿੱਖ ਧਰਮ ਦੀ ਗੱਲ ਕਰੇਗੀ ਪਰ ਅਸਲ ਫ਼ਰਕ ਆਰਥਕ ਸੋਚ ਦਾ ਹੈ। ਜਿਸ ਤਰ੍ਹਾਂ ਪੰਜਾਬ ਵਿਚ ਮੁੱਖ ਮੰਤਰੀ ਨੇ ਕਿਸਾਨ ਆਗੂਆਂ ਨਾਲ ਜੱਫੀ ਪਾ ਕੇ ਉਨ੍ਹਾਂ ਦਾ ਦਿਲ ਜਿੱਤ ਲਿਆ ਹੈ, ਉਸੇ ਤਰ੍ਹਾਂ ਪ੍ਰਧਾਨ ਮੰਤਰੀ ਦੀਆਂ ਤਸਵੀਰਾਂ ਅੰਬਾਨੀ ਅਡਾਨੀ ਨਾਲ ਆਉਂਦੀਆਂ ਹਨ। ਭਾਜਪਾ ਦੀ ਸੋਚ ਸੀ ਕਿ ਉਪਰਲੇ 1 ਫ਼ੀ ਸਦੀ ਨੂੰ ਹੋਰ ਤਾਕਤਵਰ ਬਣਾ ਕੇ ਦੇਸ਼ ਨੂੰ ਆਰਥਕ ਮਜ਼ਬੂਤੀ ਵਲ ਲਿਜਾਇਆ ਜਾ ਸਕਦਾ ਹੈ ਪਰ 'ਆਪ' ਹੇਠਲੇ ਪੱਧਰ 'ਤੇ ਅੱਗੇ ਚਲ ਰਹੀ ਹੈ, ਜਿਵੇਂ ਅਸੀ ਵੇਖ ਰਹੇ ਹਾਂ ਕਿ ਪੰਜਾਬ ਵਿਚ ਸਰਕਾਰੀ ਜ਼ਮੀਨਾਂ ਤੋਂ ਖ਼ਾਸਮਖ਼ਾਸ ਤੇ ਉਨ੍ਹਾਂ ਦੇ ਕਰੀਬੀਆਂ ਦੇ ਕਬਜ਼ੇ ਹਟਾਏ ਜਾ ਰਹੇ ਹਨ।

ਇਹ ਕਬਜ਼ੇ ਕਾਂਗਰਸ ਦੇ ਰਾਜ ਵਿਚ ਸੁਨੀਲ ਜਾਖੜ ਦੀ ਕਾਂਗਰਸ ਪ੍ਰਧਾਨਗੀ ਸਮੇਂ ਵੀ ਨਹੀਂ ਸਨ ਹਟਾਏ ਗਏ। ਹੁਣ ਜਿਸ ਤਰੀਕੇ ਨਾਲ ਭਾਜਪਾ ਅੱਗੇ ਵੱਧ ਰਹੀ ਹੈ, ਉਹ ਕਾਂਗਰਸ ਵਾਲੀ ਖ਼ਾਸਮਖ਼ਾਸ ਵਾਲੀ ਸੋਚ ਵੀ ਅਪਣਾਉਂਦੀ ਜਾ ਰਹੀ ਹੈ। 'ਆਪ' ਜੇ ਪੰਜਾਬ ਵਿਚ ਗ਼ਲਤ ਕਬਜ਼ੇ ਹਟਾ ਕੇ ਸਰਕਾਰੀ ਖ਼ਜ਼ਾਨੇ ਨੂੰ ਭਰ ਸਕੇ ਅਤੇ ਇਸ ਖ਼ਜ਼ਾਨੇ ਨਾਲ ਪੰਜਾਬ ਵਿਚ ਆਮ ਇਨਸਾਨ ਨੂੰ ਸਿਖਿਆ, ਸਿਹਤ ਤੇ ਮਾਫ਼ੀਆ-ਮੁਕਤ ਜ਼ਿੰਦਗੀ ਦੇ ਸਕੇ ਤਾਂ ਇਹ ਕਾਂਗਰਸ ਦਾ ਖ਼ਾਤਮਾ ਹੀ ਨਹੀਂ ਬਲਕਿ ਦੇਸ਼ ਵਿਚ ਨਵੀਂ ਸਿਆਸੀ ਸੋਚ ਦਾ ਨਵਾਂ ਮਾਡਲ ਵੀ ਪੇਸ਼ ਕਰ ਸਕੇਗੀ।ਕਾਂਗਰਸ ਨੂੰ ਪੰਜਾਬ ਨੇ ਮੌਕਾ ਦਿਤਾ ਪਰ ਉਹ ਉਸ ਮੌਕੇ ਦਾ ਲਾਭ ਨਹੀਂ ਲੈ ਸਕੀ। ਹੁਣ ਵੇਖਣਾ ਪਵੇਗਾ ਕਿ 'ਆਪ' ਇਨ੍ਹਾਂ ਦੇ ਖ਼ਾਸਮਖ਼ਾਸ ਦਾ ਮੁਕਾਬਲਾ ਕਰ ਸਕਦੀ ਹੈ ਜਾਂ ਇਹ ਵੀ ਸਿਸਟਮ ਵਿਚ ਹੀ ਡੁਬ ਜਾਵੇਗੀ। ਜਵਾਬ 2024 ਤਕ ਸਾਹਮਣੇ ਆਵੇਗਾ ਤੇ ਇਕ ਨਵੀਂ ਹਵਾ ਪੰਜਾਬ ਵਲੋਂ ਆ ਸਕਦੀ ਹੈ।

**-ਨਿਮਰਤ ਕੌਰ**

## ਦਾਨੀ ਸੱਜਣਾਂ ਦਾ ਧੰਨਵਾਦ

## ਐਬਟਸਫੋਰਡ ਦੀ ਸੰਗਤ ਵੱਲੋਂ ਮਨੁੱਖਤਾ ਦੀ ਸੇਵਾ ਲਈ ਭੇਜੇ 4 ਲੱਖ 12 ਹਜ਼ਾਰ ਰੁਪਏ ਪਹੁੰਚ ਗਏ






ਹਸਨਪੁਰ(ਲੁਧਿਆਣਾ):-ਐਬਟਸਫੋਰਡ ਦੀ ਸੰਗਤ ਵੱਲੋਂ ਹਸਨਪੁਰ(ਲੁਧਿਆਣਾ) ਵਿਖੇ ਚੱਲ ਰਹੀ ਮਨੁੱਖਤਾ ਦੀ ਸੇਵਾ ਲਈ ਭੇਜੇ 4 ਲੱਖ 12 ਹਜ਼ਾਰ ਰੁਪਏ ਮਿਲ ਗਏ ਹਨ।ਮਨੁੱਖਤਾ ਦੀ ਸੇਵਾ ਕਰ ਰਹੇ ਸੰਚਾਲਕ ਨੇ ਦੱਸਿਆ ਕਿ ਇਹ ਮਾਇਆ ਦੀਪਕ ਹਸਪਤਾਲ ਦੇ ਬਿਲ ਪੇਅ ਕਰਨ ਲਈ ਦੇ ਦਿੱਤੀ ਗਈ ਹੈ।ਉਥੇ 9 ਮਰੀਜ਼ ਦਾਖਲ ਹਨ।ਉਨਾ ਦੱਸਿਆ ਕਿ ਅਸੀਂ ਸਿੱਧੀ ਮਾਇਆ ਨਹੀਂ ਲੈਂਦੇ ਜੋ ਮਾਇਆ ਆਉਂਦੀ ਹੈ ਉਹਨਾ ਨਾਲ ਬਿੱਲ ਪੇਅ ਕਰ ਦਿੱਤੇ ਜਾਂਦੇ ਹਨ।ਇਹ ਮਾਇਆ ਕੁਲਵੰਤ ਸਿੰਘ ਕੁਲਾਰ ਦੀ ਮਾਰਫਤ ਮਨੁਖਤਾ ਦੀ ਸੇਵਾ ਹਸਨਪੁਰ ਪਹੁੰਚੇ ਹਨ।ਇਥੇ ਸੇਵਾ ਕਰ ਰਹੀ ਨਰਸ ਬੀਬੀ ਮਨਜੀਤ ਕੌਰ ਨੇ ਹਸਪਤਾਲ ਦੇ ਬਿੱਲ ਪੇਅ ਕਰ ਦਿੱਤੇ ਹਨ।ਬੀਬੀ ਮਨਜੀਤ ਕੌਰ ਨਾਲ ਫੋਨ 011-91-97805-32627 ਤੇ ਸੰਪਰਕ ਕਰ ਸਕਦੇ ਹੋ।ਉਨ੍ਹਾਂ ਨੇ ਸਭ ਦਾਨੀ ਸੱਜਣਾਂ ਦਾ ਧੰਨਵਾਦ ਕੀਤਾ।


BHARTI ART JEWELLERS
WORLD CLASS IMPORTS OF GOLD AND DIAMOND JEWELLERY
ਪਿਛਲੇ 40 ਸਾਲਾਂ ਤੋਂ ਵੈਨਕੂਵਰ ਵਿਚ ਸੇਵਾਵਾਂ ਪ੍ਰਦਾਨ ਕਰਦੇ ਆ ਰਹੇ 'ਭਾਰਤੀ ਆਰਟ ਜਿਊਲਰਜ' ਵਾਲਿਆਂ ਨੇ ਹੁਣ ਸਰੀ ਵਿਚ ਆਪਣੀ ਦੂਜੀ ਲੁਕੇਸ਼ਨ ਖੋਲ੍ਹ ਦਿੱਤੀ ਹੈ
USA ਕਸਟਮਰਜ਼ ਲਈ ਸਪੈਸ਼ਲ ਰੇਟ
42nd Anniversary Celebration





New Location:
346 8140 128th St
(Payal Bus. Centre)
Surrey BC
Ph: 778-565-5000

Flagship Location:
6612 Main St.
Vancouver BC
Ph: 604-327-8711

BhartiJewellers.com



BADH Accounting Services
26 YEARS EXPERIENCE IN ACCOUNTING
* Tax Forms Fill up * Accounting
* Payroll * Business Income Tax
* Personal Income Tax * Bookkeeping
* T4 & Workers Compensation Forms
604-325-8370
Fax: 604-325-6654
# 1393 - 20800 - WESTMINSTER HWY, RICHMOND, BC





Jasbir Singh Badh

CANRISE IMMIGRATION
www.canriseimmigration.com
778-565-1717
CANRISE IMMIGRATION
SPOUSAL SPONSORSHIP ਸਪਾਊਜ਼ਲ ਸਪਾਂਸਰਸ਼ਿਪ
ਅਗਰ ਤੁਸੀਂ ਇੰਡੀਆ ਵਿਆਹ ਕਰਵਾਉਣ ਜਾ ਰਹੇ ਹੋ ਤਾਂ ਜਾਣ ਤੋਂ ਪਹਿਲਾਂ ਆਪਣਾ ਪੇਪਰ ਵਰਕ ਪੂਰਾ ਕਰਵਾਉਣ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ

BCPNP ਬੀ ਸੀ ਪੀ ਐਨ ਪੀ
• New BCPNP program is Open. Get FREE Assessment.
• To bring your relatives or friends in your business contact us.
• Students on Open Work Permit can apply in this program.
ਨਵਾਂ ਬੀ ਸੀ ਪੀ ਐਨ ਪੀ ਪ੍ਰੋਗਰਾਮ ਖੁੱਲ੍ਹ ਗਿਆ ਹੈ।ਫਰੀ ਅਸੈਸਮੈਂਟ ਲਉ।ਆਪਣੇ ਬਿਜਨਸ ਵਿਚ ਆਪਣੇ ਰਿਸ਼ਤੇਦਾਰ ਜਾਂ ਦੋਸਤਾਂ ਨੂੰ ਲਿਆਉਣ ਲਈ ਸਾਡੇ ਨਾਲ ਸੰਪਰਕ ਕਰੋ।ਓਪਨ ਵਰਕ ਪਰਮਿਟ ਤੇ ਵਿਦਿਆਰਥੀ ਇਸ ਪ੍ਰੋਗਰਾਮ ਲਈ ਅਪਲਾਈ ਕਰ ਸਕਦੇ ਹਨ।

• LMIA / Work Permit
• PARENTS & GRANDPARENTS SPONSORSHIP
• SPOUSAL SPONSORSHIP (MARRIAGE CASES)
• BCPNP
• In Home Caregivers (Nanny)
• SUPER VISA FOR PARENTS
• Student Visa

• ਐਲ ਐਮ ਆਈ ਏ / ਵਰਕ ਪਰਮਿਟ
• ਮਾਤਾ-ਪਿਤਾ ਅਤੇ ਗਰੈਂਡ ਪੇਰੈਂਟਸ ਸਪਾਂਸਰਸ਼ਿਪ / ਸੁਪਰਵੀਜ਼ਾ
• ਸਪਾਊਜ਼ਲ ਸਪਾਂਸਰਸ਼ਿਪ (ਵਿਆਹ ਦੇ ਕੇਸ)
• ਬੀ. ਸੀ. ਪੀ. ਐਨ. ਪੀ.
• ਆਪਨੇ ਬਿਨਜਸ ਵਿੱਚ ਆਪਨੇ ਰਿਸ਼ਤੇਦਾਰ ਨੂੰ ਵਰਕ ਪਰਮਿਟ ਤੇ ਬੁਲਾ ਸਕਦੇ ਹੋ
• ਇਨ-ਹੋਮ ਕੇਅਰਗਿਵਰਜ (ਨੈਨੀ)
• ਸਟੂਡੈਂਟ ਵੀਜ਼ਾ

OUR SERVICES:
• Visitors Visa / Skilled Workers
• Temporary Workers
• Quebec Immigration
• Family Sponsorship
• Provincial Nominees
• Canadian Experience Class
• Business / Entrepreneurs / Investor Immigration
• Extension Of Temporary Visa
• Restoration Of Status
• Refugee Claims
• Citizenship Application
• Immigration & Investment Programs For Farmers / Businessmen

CANRISE
Ranjeet S. Sohi
Registered Canadian Immigration Consultant
ICCRC Membership # R422751
#223-8028 128 St. Surrey BC V3W4E9 (Little India Plaza)
iccrc crcic



UNI GLOBAL IMMIGRATION
Consulting Services Ltd.
Your Dream......Our Passion
For all your Immigration Related Needs:
- Express Entry (PR)
- FSW, FST
- Canadian Experience Class
- LMIA & Work Permit
- PNP
- Spousal (Marriage) Sponsorship
- Business (Investor) Visa
- Study Visa
- Care-giver (Nanny)
- Visitor Visa
- Super Visa
- Citizenship Application
- Refusal Cases
- IEC

We also help employers in hiring temporary foreign workers (TFW). We help employers in each and every step of acquring Temporary Foreign Workers

Tel. : 604-338-4975
778-232-3141
#12387-75 Avenue Surrey, BC V3W 2S7
E-mail: contactuniglobal@gmail.com
RCIC CRIC

# ਹਥਿਆਰਾਂ ਦੀ ਵਡਿਆਈ ਕਰਨ ਦੀ ਬਜਾਏ ਸ਼ਾਂਤੀ ਅਤੇ ਭਾਈਚਾਰੇ ਦਾ ਸੰਦੇਸ਼ ਫੈਲਾਓ ਮੁੱਖ ਮੰਤਰੀ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੂੰ ਅਪੀਲ

ਚੰਡੀਗੜ੍ਹ-ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਨੂੰ ਅਪੀਲ ਕੀਤੀ ਹੈ ਕਿ ਉਹ ਸਿੱਖਾਂ ਨੂੰ ਲਾਇਸੈਂਸੀ ਆਧੁਨਿਕ ਹਥਿਆਰ ਰੱਖਣ ਲਈ ਕਹਿਣ ਦੀ ਬਜਾਏ ਸਮਾਜ ਵਿੱਚ ਸ਼ਾਂਤੀ, ਸਦਭਾਵਨਾ ਅਤੇ ਭਾਈਚਾਰੇ ਦਾ ਸੰਦੇਸ਼ ਫੈਲਾਉਣ। ਇੱਥੇ ਜਾਰੀ ਇੱਕ ਬਿਆਨ ਵਿੱਚ ਮੁੱਖ ਮੰਤਰੀ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦੇ ਉਸ ਬਿਆਨ ਦਾ ਸਖ਼ਤ ਨੋਟਿਸ ਲਿਆ ਹੈ ਕਿ ਹਰੇਕ ਸਿੱਖ ਕੋਲ ਆਧੁਨਿਕ ਹਥਿਆਰ ਹੋਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਅਸੀਂ ਇੱਕ ਸੱਭਿਅਕ ਸਮਾਜ ਵਿੱਚ ਰਹਿ ਰਹੇ ਹਾਂ ਜਿੱਥੇ ਦੇਸ਼ ਦਾ ਸ਼ਾਸਨ ਕਾਨੂੰਨ ਦੇ ਰਾਜ ਨਾਲ ਚੱਲਦਾ ਹੈ। ਭਗਵੰਤ ਮਾਨ ਨੇ ਕਿਹਾ ਕਿ ਸੁਹਿਰਦ ਅਤੇ ਸਦਭਾਵਨਾ ਵਾਲੇ ਸਮਾਜ ਵਿੱਚ ਹਥਿਆਰਾਂ ਦੀ ਕੋਈ ਥਾਂ ਨਹੀਂ ਹੁੰਦੀ। ਪੰਜਾਬ ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਇਹ ਦੱਸਣ ਦੀ ਅਪੀਲ ਕੀਤੀ ਹੈ ਕਿ ਕਿਉਂ ਸਿੱਖਾਂ ਨੂੰ ਲਾਈਸੈਂਸੀ ਆਧੁਨਿਕ ਹਥਿਆਰ ਰੱਖਣੇ ਚਾਹੀਦੇ ਹਨ। ਜਥੇਦਾਰ ਸਾਹਿਬ ਵੱਲੋਂ ਇੱਕ ਭਾਈਚਾਰੇ ਦੇ ਨੌਜਵਾਨਾਂ ਨੂੰ ਸੱਦਾ ਦਿੱਤਾ ਗਿਆ ਹੈ। ਅਜਿਹੇ ਵਿੱਚ ਹਰ ਕਿਸੇ ਨੂੰ ਜਾਨਣ ਦੀ ਲੋੜ ਹੈ ਕਿ ਕੀ ਉਨ੍ਹਾਂ ਨੂੰ ਲੱਗਦਾ ਹੈ ਕਿ ਭਾਈਚਾਰੇ ਨੂੰ ਕੋਈ ਵਿਸ਼ੇਸ਼ ਖ਼ਤਰਾ ਹੈ, ਜਿਸ ਕਾਰਨ ਨੌਜਵਾਨਾਂ ਨੂੰ ਆਧੁਨਿਕ ਲਾਈਸੈਂਸੀ ਹਥਿਆਰ ਰੱਖਣ ਦੀ ਲੋੜ ਹੈ। ਸੂਬਾ ਕਾਂਗਰਸ ਪ੍ਰਧਾਨ ਨੇ ਕਿਹਾ ਕਿ ਜਥੇਦਾਰ ਸਾਹਿਬ ਦਾ ਸਿੱਖ ਭਾਈਚਾਰੇ ਵਿੱਚ ਇੱਕ ਮਹੱਤਵਪੂਰਨ ਅਤੇ ਵਿਸ਼ੇਸ਼ ਸਥਾਨ ਹੈ। ਉਹ ਜੋ ਕੁਝ ਵੀ ਕਹਿੰਦੇ ਹਨ ਹਮੇਸ਼ਾ ਉਸ ਨੂੰ ਸਿੱਖ ਭਾਈਚਾਰਾ ਗੰਭੀਰਤਾ ਨਾਲ ਲੈਂਦਾ ਹੈ ਅਤੇ ਇਹੀ ਕਾਰਨ ਹੈ ਕਿ ਉਨ੍ਹਾਂ ਨੂੰ ਦੱਸਣਾ ਚਾਹੀਦਾ ਹੈ ਕਿ ਆਧੁਨਿਕ ਹਥਿਆਰ ਰੱਖਣ ਸਬੰਧੀ ਦਿੱਤੇ ਸੱਦੇ ਪਿੱਛੇ ਕੀ ਕਾਰਨ ਹੈ। ਵੜਿੰਗ ਨੇ ਕਿਹਾ ਕਿ ਪੰਜਾਬ ਵਿੱਚ ਜ਼ਿਆਦਾਤਰ ਲੋਕ ਆਮ ਤੌਰ 'ਤੇ ਲਾਈਸੈਂਸੀ ਹਥਿਆਰ ਰੱਖਦੇ ਹਨ। ਹਾਲਾਂਕਿ ਕਿਸੇ ਵੱਲੋਂ ਹਥਿਆਰ ਦਾ ਲਾਈਸੈਂਸ ਲੈਣ 'ਤੇ ਕੋਈ ਰੋਕ ਨਹੀਂ ਹੈ। ਉੱਧਰ ਆਮ ਆਦਮੀ ਪਾਰਟੀ ਦੇ ਪੰਜਾਬ ਦੇ ਮੁੱਖ ਬੁਲਾਰੇ ਮਲਵਿੰਦਰ ਸਿੰਘ ਕੰਗ ਨੇ ਆਖਿਆ ਕਿ ਜਥੇਦਾਰ ਅਕਾਲ ਤਖ਼ਤ ਜੇਕਰ ਸਿੱਖ ਮਰਿਆਦਾ ਇਸ ਬਾਰੇ ਕੋਈ ਅਪੀਲ ਕਰਦੇ ਹਨ ਤਾਂ ਇਸ ਨੂੰ ਸਿਆਸਤ ਨਾਲ ਨਹੀਂ ਜੋੜਨਾ ਚਾਹੀਦਾ। ਆਲ ਇੰਡੀਆ ਐਂਟੀ ਟੈਰਰਿਸਟ ਫਰੰਟ ਦੇ ਚੇਅਰਮੈਨ ਮਨਿੰਦਰਜੀਤ ਸਿੰਘ ਬਿੱਟਾ ਦੇ ਇਸ ਬਿਆਨ ਨੂੰ ਲੋਕ ਹਿੱਤਾਂ ਦੇ ਖ਼ਿਲਾਫ਼ ਕਰਾਰ ਦਿੱਤਾ ਹੈ। ਸ੍ਰੀ



ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਵੱਲੋਂ ਦਿੱਤੇ ਗਏ ਬਿਆਨ 'ਤੇ ਪ੍ਰਤੀਕਰਮ ਦਿੰਦਿਆਂ ਭਾਜਪਾ ਦੇ ਸੂਬਾ ਪ੍ਰਧਾਨ ਅਸ਼ਵਨੀ ਸ਼ਰਮਾ ਨੇ ਕਿਹਾ ਕਿ ਜਿਸ ਸੰਸਥਾ ਦੇ ਉਚ ਔਹਦੇ 'ਤੇ ਜਥੇਦਾਰ ਸਾਹਿਬ ਬੈਠੇ ਹਨ, ਉਹ ਸਿੱਖ ਜਗਤ ਲਈ ਨਹੀਂ, ਸਗੋਂ ਸਮੂਹ ਨਾਨਕ ਨਾਮ ਲੇਵਾ ਸੰਗਤ ਲਈ ਡੂੰਘੀ ਆਸਥਾ ਦਾ ਕੇਂਦਰ ਹੈ।

ਇਸ ਉੱਚ ਸੰਸਥਾ ਦੇ ਅਹੁਦੇ 'ਤੇ ਬੈਠ ਕੇ ਸ਼ਾਂਤੀ ਦੀ ਗੱਲ ਕਰਨੀ ਚਾਹੀਦੀ ਹੈ ਨਾ ਕਿ ਆਧੁਨਿਕ ਹਥਿਆਰ ਰੱਖਣ ਦੀ।

ਪੰਜਾਬ ਨੇ ਪਹਿਲਾਂ ਹੀ ਬਹੁਤ ਨੁਕਸਾਨ ਝੱਲ ਚੁੱਕਾ ਹੈ। ਅਸ਼ਵਨੀ ਸ਼ਰਮਾ ਨੇ ਕਿਹਾ ਕਿ ਜਥੇਦਾਰ ਸਾਹਿਬ ਵੱਲੋਂ ਦਿੱਤੇ ਅਜਿਹੇ ਸੰਦੇਸ਼ ਨਾਲ ਲੋਕਾਂ ਵਿੱਚ ਗਲਤ ਸੰਦੇਸ਼ ਜਾ ਸਕਦਾ ਹੈ।

ਸ਼ਰਮਾ ਨੇ ਕਿਹਾ ਕਿ ਸਾਡੇ ਗੁਰੂਆਂ ਨੇ ਹਮੇਸ਼ਾ ਸਰਬੱਤ ਦੇ ਭਲੇ ਦੀ ਕਾਮਨਾ ਕੀਤੀ ਹੈ ਅਤੇ ਸਾਨੂੰ ਗੁਰੂਆਂ ਦੇ ਦਰਸਾਏ ਮਾਰਗ 'ਤੇ ਚੱਲਣਾ ਚਾਹੀਦਾ ਹੈ।

# ਪੰਜਾਬ ਦਾ ਕਿਸਾਨ ਹਿੱਟ ਲਿਸਟ ਤੇ

ਸਾਡੇ ਤੋਂ 8-10 ਘਰ ਛੱਡਕੇ ਅਪਣੇ ਇਕ ਪੰਜਾਬੀ ਭਾਈ ਨੇ ਪਹਿਲੀ ਵਾਰੀ ਫਾਰਮ ਵਿਚ ਵਸੋਂ ਕੀਤੀ ਸੀ ਅਤੇ ਉਸ ਨੂੰ ਜਾਪਿਆ ਕਿ ਖੁਲੀ ਥਾਂ ਹੈ ਇਥੇ ਕੁਝ ਵੀ ਕੀਤਾ ਜਾ ਸਕਦਾ ਅਤੇ ਉਸ ਨੇ ਸਫਾਈ ਕਰਨ ਦੇ ਇਰਾਦੇ ਨਾਲ ਜੋ ਪੁਰਾਣਾ ਗੰਦ ਪਿਲ, ਲਕੜ ਪਲਾਸਟਿਕ ਸੀ ਚੁਕ ਕੇ ਬਾਲ ਭਾਂਬੜ ਦਿਤੇ ਪਰ ਪਤਾ ਹੀ ਓਦੋਂ ਲਗਾ ਜਦ ਅਗਲੇ ਹੀ ਪਲਾਂ ਵਿਚ ਖੜਕ ਘੰਟੀਆਂ ਗਈਆਂ ਨਾਲੇ ਤਾਂ ਫਾਇਰ ਬਿਰਗੇਡ ਵਾਲੇ ਚੰਗੀ ਮੋਟੀ ਟਿਕਟ ਦੇ ਕੇ ਗਏ ਨਾਲ ਅਕਲ ਸਿਖਾ ਕੇ ਕਿ ਅਗ ਇਓਂ ਨਹੀ ਇਓਂ ਬਾਲੀ ਦੀ ਹੈ ਅਤੇ ਪਰਮਿਟ ਲੈ ਕੇ ਬਾਲੀ ਦੀ ਹੈ ਅਤੇ ਪਾਣੀ ਦੀ ਪਾਈਪ ਲਾਗੇ ਰਖ ਕੇ ਬਾਲੀ ਦੀ ਹੈ। ਜਿਧਰ ਦੀ ਅਸੀਂ ਕਰੀਬਨ ਹੀ ਲੰਘਦੇ ਹਾਂ ਓਥੇ ਸੜਕ ਤੇ ਨਾਲ ਹੀ ਪਰੇ ਬਰੈਂਪਟਨ ਦਾ ਕਈ ਏਕੜਾਂ ਵਿਚ ਇਟਾਂ ਦਾ ਭਠਾ ਹੈ ਓਥੇ ਮਿੱਟੀ ਉਡਦੀ ਤਾਂ ਛਡੋ ਕਿਸੇ ਜੇ ਧੂੰਆਂ ਵੀ ਨਿਕਲਦਾ ਦੇਖਿਆ ਹੋਵੇ। ਮੇਰਾ ਸ਼ਹਿਰ ਤੋਂ ਤੁਰਿਆ ਆ ਰਿਹਾ ਬਹੁਤ ਪੁਰਾਣਾ ਗੁਆਢੀਂ, ਉਸ ਨੇ 4-5 ਏਕੜ ਦੀ ਲਾਟ ਯਾਣੀ ਪਲਾਟ ਲਿਆ ਅਤੇ ਜਿਵੇਂ ਸਾਡੀ ਆਦਤ ਹੈ ਜਾਦਿਆਂ ਹੀ ਆਰਾ ਚੁਕ ਲਿਆ ਪਰ ਜਦ ਕਨੂੰਨ ਦੇ ਨੋਟਿਸ ਵਿਚ ਆਇਆ ਤਾਂ 12000 ਡਾਲਰ ਦੇ ਰੁਖ ਓਵੇਂ ਦੇ ਓਵੇਂ ਹੀ ਲਾ ਕੇ ਛੁਟਿਆ ਨਾਲੇ ਮਾੜਾ ਰਿਕਾਡ ਸਿਸਟਮ ਵਿਚ ਚਲਾ ਗਿਆ।

ਲਾਅ ਐਂਡ ਆਰਡਰ ਸਮਝਦੇਂ ਕੀ ਹੁੰਦਾ? ਬੰਦੇ ਨੂੰ ਬੰਦਾ ਬਣਾਈ ਰਖਣ ਲਈ ਵਾੜ ਜਿਹੜੀ ਕਿ ਪਸ਼ੂਆਂ ਲਈ ਘਟ ਪਰ ਬੰਦੇ ਲਈ ਜਿਆਦਾ ਜਰੂਰੀ ਹੈ ਜਿਹੜੀ ਕਿ ਹਿੰਦੋਸਤਾਨ ਨਾ ਦੇ ਮੁਲਖ ਵਿਚ ਹੈ ਹੀ ਨਹੀ। ਗਡੀਆਂ ਦੀ ਟ੍ਰੈਫਿਕ ਤੋਂ ਲੈ ਕੇ ਜਹਿਰੀਲੀਆਂ ਚੀਜਾਂ ਬਣਾਓਂਣ ਅਤੇ ਵੇਚਣ ਤਕ। ਔਰਤਾਂ ਦੇ ਰੋਜਾਨਾ ਹੁੰਦੇ ਬਲਾਤਕਾਰਾਂ ਤੋਂ ਲੈ ਕੇ ਨਿਆਣੇ ਵੇਚਣ ਤਕ ਅਤੇ ਗੁੰਡਾਗਰਦੀਆਂ ਤੋਂ ਲੈ ਕੇ ਹਰੇਕ ਤਰਾਂ ਦੀ ਮਾਰ ਧਾੜ ਤਕ। ਅਸੀਂ ਟਰੈਕਟਰ ਦਾ ਤੇਲ ਬਦਲਿਆ ਤਾਂ ਮੈਂ ਮੁੰਡੇ ਆਵਦੇ ਨੂੰ ਕਿਹਾ ਪਿਛੇ ਜੰਗਲ ਵਿਚ ਟੋਆ ਪੁਟ ਕੇ ਦਬ ਦਿੰਨੇ ਆਂ ਯਾਣੀ ਡੋਹਲ ਕੇ ਮਿੱਟੀ ਸੁੱਟ ਦਿਨੇ ਆਂ ਤਾਂ ਓਹ ਕਹਿੰਦਾ ਪਾਪਾ ਨਾਂਅ! ਇਹ ਧਰਤੀ ਵਿਚ ਜਾ ਕੇ ਵਾਪਸ ਅਪਣੇ ਪਾਣੀ ਵਿਚ ਆਓਂਣਾ ਜਿਹੜਾ ਮੁੜ ਸਾਨੂੰ ਹੀ ਪੀਣਾ ਪੈਣਾ। ਕਿਸਾਨ ਤਾਂ ਅਨਪੜ੍ਹ ਨੇ ਤੁਸੀਂ ਕਹਿ ਸਕਦੇਂ ਪਰ ਜਿਹੜੇ ਵਡੀਆਂ ਫੈਕਟਰੀਆਂ ਦੇ ਮਾਲਕ ਅਤੇ ਮੈਨੇਜਰ ਨੇ ਓਹ ਵੀ ਅਨਪੜ੍ਹ ਨੇ ਕਿ ਓਹ ਸਾਰੇ ਜਹਿਰੀਲੇ ਕੈਮੀਕਲ ਵੱਡੀਆਂ ਪਾਈਪਾਂ ਰਾਹੀਂ ਧਰਤੀ ਦੀਆਂ ਨਾਸਾਂ ਵਿਚ ਤੁੰਨ ਰਹੇ ਨੇ ਅਤੇ ਜਿਹੜਾ ਕਿ ਇਨਾ ਖਤਰਨਾਕ ਹੈ ਕਿ ਜਿਸ ਦੇ ਨਤੀਜਿਆਂ ਬਾਰੇ ਤੁਸੀਂ ਸੋਚ ਵੀ ਨਹੀ ਸਕਦੇ ਯਾਣੀ ਨਿਰਾ ਹੀ ਪ੍ਰਮਾਣੂ ਬੰਬ। ਦਰਅਸਲ ਜਿਥੇ ਲਾਅ ਐਂਡ ਆਰਡਰ ਫਿਹਲ ਹੋਵੇ ਓਥੇ ਲੁਕਾਈ ਦਾ ਜੀਵਨ ਪਸ਼ੂਆਂ ਤਰਾਂ ਹੋ ਕੇ ਰਹਿ ਜਾਂਦਾ। ਸਿੰਘਾਪੁਰ ਵਿਚ ਤੁਸੀਂ ਚਿੰਗਮ ਵੀ ਸੁਟ ਕੇ ਦਿਖਾਓ ਸੜਕ ਉਪਰ ਪਰ ਬਿਹਾਰ ਯੂਪੀ ਵੰਨੀ ਲਾਲ ਥੁਕ ਨਾਲ ਬਸਾਂ ਗਡੀਆਂ ਭਰੀਆਂ ਪਈਆਂ ਹੁੰਦੀਆਂ। ਬਾਹਰ ਤੁਸੀਂ ਸੜਕ ਤੇ ਮੂਤ ਕੇ ਵੀ ਦਿਖਾਓ ਪਰ ਹਿੰਦੋਸਤਾਨ ਦੀਆਂ ਰੇਲ ਗਡੀਆਂ ਦੀਆਂ ਲਾਈਨਾ ਤੇ ਸਵੇਰੇ ਸਵੇਰ ਲਗੇ ਮੇਲੇ ਸ਼ਾਈਨ ਇੰਡੀਆਂ ਦਾ ਮੂੰਹ ਚਿੜਾ ਰਹੇ ਹੁੰਦੇ ਨੇ। ਇਓਂ ਨਾੜਾਂ ਜਾਂ ਪਰਾਲੀਆਂ ਨੂੰ ਅਗਾਂ ਲਾਓਂਣੀਆਂ ਮੁੱਢੋਂ ਹੀ ਮੂਰਖਤਾ ਹੈ ਪਰ ਇਸ ਸਮੁਚੇ ਵਰਤਾਰੇ ਨੂੰ ਤੁਸੀਂ ਪੂਰੇ ਮੁਲਖ ਦੇ ਨਜ਼ਰੀਏ ਤੋਂ ਦੇਖੋ ਤਾਂ ਇਹ ਸੰਸਾਰ ਦਾ ਸਭ ਤੋਂ ਫਿਹਲਰ ਮੁਲਖ ਹੈ ਜਿਹੜਾ ਕੇਵਲ ਰਿੰਮਾਂ ਉਪਰ ਰਿੜ ਰਿਹਾ ਹੈ ਟਾਇਰ ਇਸ ਦੇ ਕਦ ਦੇ ਉਡ ਚੁਕੇ ਹੋਏ ਨੇ ਅਤੇ ਫਿਲਮਾਂ ਵਾਲੇ ਭੰਡ ਜਾਂ ਮੀਡੀਏ ਵਾਲੇ ਟੁਕੜਬੋਚ ਰਿੰਮਾ ਨੂੰ ਹੀ ਸ਼ਾਈਨ ਇੰਡੀਆ ਕਹਿ ਕੇ ਲੁਕਾਈ ਨੂੰ ਮੂਰਖ ਬਣਾਈ ਤੁਰੇ ਆ ਰਹੇ ਨੇ।

ਮੁਕਦੀ ਗਲ ਕਿ ਇਹ ਦਰਦਨਾਕ ਹਾਦਸੇ ਪਹਿਲਾਂ ਵੀ ਹੁੰਦੇ ਆ ਰਹੇ ਨੇ, ਪਰਾਲੀ ਜਾਂ ਨਾੜਾਂ ਦੇ ਧੂੰਏ ਪਹਿਲਾਂ ਵੀ ਉਠਦੇ ਆ ਰਹੇ ਨੇ, ਰੁੱਖਾਂ ਦੀ ਬਰਬਾਦੀ ਅਤੇ ਕੁਦਰਤ ਨਾਲ ਛੇੜ ਛਾੜ ਪਹਿਲਾਂ ਵੀ ਹੁੰਦੀ ਰਹੀ ਹੈ ਜੋ ਕਿ ਅਤ ਨਿੰਦਣਜੋਗ ਅਤੇ ਮਾੜੀ ਹਰਕਤ ਹੈ ਪਰ ਯਾਦ ਰਹੇ ਇਸ ਵਾਰੀ ਪੰਜਾਬ ਦਾ ਕਿਸਾਨ ਖਾਸ ਕਰ ਦਿੱਲੀ ਦੀ ਹਿਟ ਲਿਸਟ ਤੇ ਹੈ ਪਰ ਪਤਾ ਕਿਓਂ?

-ਗੁਰਦੇਵ ਸਿੰਘ ਸੱਧੇਵਾਲੀਆ






# ਵਿਚਾਰ:ਮਸਜਿਦਾਂ ਵਿਚੋਂ ਨਿਕਲਦਾ 'ਰੱਬ' ਜਾਂ 'ਧਾਰਮਿਕ' ਕਬਜ਼ੇ ਦਾ ਢੰਗ?

**•ਅਪੂਰਵਾਨੰਦ (ਦਿੱਲੀ ਯੂਨੀਵਰਸਿਟੀ ਵਿੱਚ ਪ੍ਰੋਫੈਸਰ ਹਨ)**

ਇੱਕ ਵਾਰ ਇੱਕ ਸਾਹਿਬ ਮੁਸੀਬਤ ਵਿੱਚ ਪੈ ਗਏ। ਉਨ੍ਹਾਂ ਦੇ ਘਰ ਦੀ ਕੰਧ 'ਚ ਦਰਾੜ 'ਚੋਂ ਪਿੱਪਲ ਦਾ ਬੂਟਾ ਨਿਕਲਿਆ ਸੀ। ਉਹ ਇਸ ਨੂੰ ਹਟਾਉਣਾ ਚਾਹੁੰਦੇ ਸਨ ਤਾਂ ਕਿ ਕੰਧ ਕਮਜ਼ੋਰ ਨਾ ਹੋਵੇ ਅਤੇ ਇਸ ਦੀਆਂ ਜੜ੍ਹਾਂ ਇੰਨੀਆਂ ਡੂੰਘੀਆਂ ਨਾ ਜਾਣ ਕਿ ਪੂਰੇ ਘਰ ਨੂੰ ਨੁਕਸਾਨ ਪਹੁੰਚਾ ਸਕੇ। ਉਸ ਦੇ ਇੱਕ ਗੁਆਂਢੀ ਨੂੰ ਪਤਾ ਲੱਗ ਗਿਆ। ਫਿਰ ਬੱਸ ਸ਼ਰਧਾਲੂਆਂ ਨੇ ਆ ਕੇ ਪਿੱਪਲ ਦੇ ਦਰੱਖਤ ਦੀ ਪੂਜਾ ਕਰਨੀ ਸ਼ੁਰੂ ਕਰ ਦਿੱਤੀ, ਜੋ ਅਜੇ ਤੱਕ ਰੁੱਖ ਨਹੀਂ ਸੀ। ਸ਼ਰਧਾ ਨਾਲ ਦਾਅਵਾ ਕੀਤਾ ਜਾ ਰਿਹਾ ਸੀ, ਆਖ਼ਰ ਉਹ ਇਸ ਪਵਿੱਤਰ ਰੁੱਖ ਨੂੰ ਕਿਵੇਂ ਛੂਹ ਸਕਦੇ ਹਨ !ਭਜਨ-ਕੀਰਤਨ ਸ਼ੁਰੂ ਹੋ ਗਿਆ, ਆਂਢ-ਗੁਆਂਢ ਦੀ ਕੁਦਰਤੀ ਈਰਖਾ ਭਰੀ ਪ੍ਰਵਿਰਤੀ ਸੰਤੁਸ਼ਟ ਹੋ ਰਹੀ ਸੀ। ਸਥਾਨਕ ਪੁਲਿਸ ਇਸ ਦਾ ਆਨੰਦ ਮਾਣ ਰਹੀ ਸੀ ਅਤੇ ਘਰ ਦੀ ਇਸ ਪਵਿੱਤਰਤਾ ਨੂੰ ਰੋਕਣ ਵਿੱਚ ਕੋਈ ਦਿਲਚਸਪੀ ਨਹੀਂ ਲੈ ਰਹੀ ਸੀ।

ਆਪਣੇ ਘਰ ਨੂੰ ਬਚਾਉਣ ਲਈ, ਪੁਲਿਸ ਨੂੰ ਕੁਝ ਲੈ ਦੇ ਕੇ, ਇੱਕ ਰਾਤ ਉਸਨੇ ਪਿੱਪਲ ਦੇ ਪੌਦੇ ਨੂੰ ਬਾਹਰ ਕੱਢ ਦਿੱਤਾ। ਜਿਸ ਸਮੇਂ ਦੀ ਮੈਂ ਗੱਲ ਕਰ ਰਿਹਾ ਹਾਂ, ਉਸ ਸਮੇਂ ਬਜਰੰਗ ਦਲ ਵਰਗੇ ਧਾਰਮਿਕ ਤੌਰ 'ਤੇ ਪ੍ਰਤੀਬੱਧ ਵਰਕਰ ਨਹੀਂ ਸਨ, ਨਹੀਂ ਤਾਂ ਉਹ ਰਾਤ ਦੇ ਹਨੇਰੇ 'ਚ ਪਿੱਪਲ ਭਗਵਾਨ ਦੀ ਬੇਅਦਬੀ ਦਾ ਪਾਪ ਨਾ ਕਰ ਸਕਦੇ ਸਨ। ਅਸੀਂ ਕਿਸੇ ਥਾਂ 'ਤੇ ਸ਼ਿਵਲਿੰਗ ਦੇ ਅਚਾਨਕ ਪ੍ਰਗਟ ਹੋਣ ਬਾਰੇ 'ਹੈਰਾਨੀਜਨਕ ਪਰ ਸੱਚ' ਵਰਗੀਆਂ ਖ਼ਬਰਾਂ ਸੁਣਦੇ ਸੀ। ਬਾਲ ਦਿਮਾਗ ਇਸ ਚਮਤਕਾਰ ਦਾ ਰਾਜ਼ ਨਹੀਂ ਜਾਣ ਸਕਿਆ।

ਇੱਕ ਦਿਨ ਇੱਕ ਪਿੰਡ ਵਾਸੀ ਨੇ ਦੱਸਿਆ ਕਿ ਕਿਸੇ ਦੀ ਜ਼ਮੀਨ 'ਤੇ ਕਬਜ਼ਾ ਕਰਨ ਦਾ ਇਹ ਸਭ ਤੋਂ ਆਸਾਨ ਤਰੀਕਾ ਹੈ। ਜ਼ਮੀਨ ਵਿੱਚ ਇੱਕ ਟੋਆ ਪੁੱਟੋ, ਉਸ ਵਿੱਚ ਬਹੁਤ ਸਾਰੇ ਛੋਲੇ ਪਾਓ ਅਤੇ ਉਸ ਉੱਤੇ ਇੱਕ ਛੋਟੀ ਮੂਰਤੀ ਰੱਖੋ, ਹੌਲੀ-ਹੌਲੀ ਪਾਣੀ ਦਿੰਦੇ ਰਹੋ। ਚਨੇ ਫੁਲਣੇਂ ਸ਼ੁਰੂ ਹੋ ਜਾਣਗੇ ਅਤੇ ਮੂਰਤੀ ਇੱਕ ਦਿਨ ਉੱਪਰ ਉੱਠਦੀ ਦਿਖਾਈ ਦੇਵੇਗੀ। ਫਿਰ ਆਲੇ-ਦੁਆਲੇ ਦੇ ਪਿੰਡਾਂ ਵਿੱਚ ਰੌਲਾ ਪੈ ਜਾਵੇਗਾ ਕਿ ਮੂਰਤੀ ਪ੍ਰਗਟ ਹੋ ਗਈ। ਪੂਜਾ ਸ਼ੁਰੂ ਹੋ ਜਾਵੇਗੀ।

ਪੰਡਤ ਆਪਣੇ ਗਮਚੇ ਨੂੰ ਸੰਭਾਲਦੇ ਹੋਏ ਦੇਵਤਾ ਦੀ ਮੂਰਤੀ ਦੀ ਸੇਵਾ ਕਰਨ ਲਈ ਹਾਜ਼ਰ ਹੋਵੇਗਾ। ਕਰਾਮਾਤਾਂ ਦੇ ਭੁੱਖੇ ਲੋਕ, ਆਪਣੀ ਸ਼ਰਧਾ, ਜੋ ਉਨ੍ਹਾਂ ਕੋਲ ਬਹੁਤਾਤ ਵਿੱਚ ਹੈ, ਨੂੰ ਲੈ ਕੇ, ਹੱਥ ਜੋੜ ਕੇ, ਪੂਜਾ ਕਰਨ ਲੱਗ ਜਾਣਗੇ। ਕਬਰਿਸਤਾਨ ਦੀ ਜ਼ਮੀਨ 'ਤੇ ਇਕ ਨੁੱਕਰ 'ਤੇ ਦਰੱਖਤ 'ਤੇ ਧਾਗੇ ਬੰਨ੍ਹ ਕੇ, ਇਸ 'ਤੇ ਕਬਜ਼ਾ ਕਰਨ ਦੀ ਪ੍ਰਕਿਰਿਆ ਸ਼ੁਰੂ ਹੋ ਜਾਂਦੀ ਹੈ। ਜਾਂ, ਇਹ ਛੋਟੀ ਮੂਰਤੀ ਰੱਖ ਕੇ ਅਤੇ ਉਸ 'ਤੇ ਜਲ ਚੜ੍ਹਾ ਕੇ ਵੀ ਕੀਤਾ ਜਾ ਸਕਦਾ ਹੈ। ਅੱਜ ਕੱਲ੍ਹ ਇਹ ਕੰਮ ਤਿਰੰਗੇ ਤੋਂ ਵੀ ਲਿਆ ਜਾ ਰਿਹਾ ਹੈ, ਯਾਨੀ ਮੁਸਲਮਾਨਾਂ ਦੀ ਜ਼ਮੀਨ ਦਾ ਰਾਸ਼ਟਰੀਕਰਨ। ਅੱਜ ਜਿਸ ਜ਼ਮੀਨ 'ਤੇ ਰਾਮ ਦਾ ਵਿਸ਼ਾਲ ਮੰਦਰ ਬਣ ਰਿਹਾ ਹੈ, ਉਹ ਇਸ ਵਿਧੀ ਰਾਹੀਂ ਪ੍ਰਾਪਤ ਕੀਤੀ ਗਈ ਹੈ। ਇਸ ਨੂੰ ਸੁਪਰੀਮ ਕੋਰਟ ਨੇ ਵੀ ਸਵੀਕਾਰ ਕਰ ਲਿਆ ਹੈ।

1949 ਵਿੱਚ ਬਾਬਰੀ ਮਸਜਿਦ ਦੇ ਅੰਦਰੋਂ ਰਾਤ ਦੇ ਹਨੇਰੇ ਵਿੱਚ ਰੱਬ ਦੀਆਂ ਮੂਰਤੀਆਂ ਚੋਰੀ ਕਰਕੇ ਰੱਖ ਦਿੱਤੀਆਂ ਗਈਆਂ ਸਨ। ਸੁਪਰੀਮ ਕੋਰਟ ਨੇ ਕਿਹਾ ਕਿ ਇਹ ਅਪਰਾਧ ਸੀ। ਪਰ ਇਹ ਕਿੰਨੀ ਦਿਲਚਸਪ ਗੱਲ ਹੈ ਕਿ ਅਦਾਲਤ ਨੇ ਮਸਜਿਦ ਦੇ ਅੰਦਰ ਪਾਈਰੇਸੀ ਲਈ ਜੋ ਕਿਹਾ, ਉਸ ਨੂੰ ਵਿਆਪਕ ਸਮਾਜ ਦੇ ਸਾਹਮਣੇ ਰਾਮ ਲੱਲਾ ਦਾ ਪ੍ਰਗਟਾਵਾ ਕਿਹਾ ਗਿਆ। ਅਤੇ ਹਿੰਦੂ ਸਮਾਜ ਨੇ ਵੀ ਇਸ ਨੂੰ ਸਵੀਕਾਰ ਕੀਤਾ।

ਸਾਰਿਆਂ ਨੂੰ ਪਤਾ ਸੀ ਕਿ ਉਹ ਮਸਜਿਦ ਵਿਚ ਮੂਰਤੀਆਂ ਚੋਰੀ ਰੱਖੀਆਂ ਸਨ। ਪਰ ਇਹ ਮਸਜਿਦ 'ਤੇ ਦਾਅਵਾ ਕਰਨ ਅਤੇ ਫਿਰ ਇਸ 'ਤੇ ਕਬਜ਼ਾ ਕਰਨ ਦਾ ਪੁਰਾਣਾ ਅਜ਼ਮਾਇਆ ਅਤੇ ਪਰਖਿਆ ਗਿਆ ਤਰੀਕਾ ਹੈ। ਇਹੀ ਅੱਜ ਕੱਲ ਮੁਸਲਮਾਨਾ ਦੀਆਂ ਇਤਿਹਾਸਕ ਮਸਜਿਦਾਂ ਨਾਲ ਹੋ ਰਿਹਾ ਹੈ।

ਸੰਪਾਦਕੀ ਨੋਟ:-ਹਿੰਦੂ ਭਾਈਚਾਰੇ ਦਲੀਲ ਹੈ ਕਿ ਇਹ ਸਭ ਮਸਜਿਦਾਂ ਹਿੰਦੂ ਮੰਦਰ ਤੋੜ ਕੇ ਬਣਾਈਆਂ ਗਈਆ ਸਨ। ਦੂਸਰੇ ਪਾਸੇ ਮੁਸਲਮਾਨ ਤਬਕੇ ਦਾ ਵਿਚਾਰ ਹੈ ਕਿ ਹਿੰਦੂ ਸਮਾਜ ਦੇ ਜਾਤ ਪਾਤ ਦੇ ਕੋਹੜ ਤੋਂ ਪਾਸੇ ਹੋ ਕੇ ਦੱਬੇ ਕੁਚਲੇ ਲੋਕਾਂ ਨੇ ਮਸਲਿਮ ਧਰਮ ਅਪਣਾ ਲਿਆ ਸੀ ਉਨ੍ਹਾਂ ਨੇ ਆਪਣੇ ਧਰਮ ਦੀ ਪਾਲਣਾ ਲਈ ਮਸਜਿਦਾਂ ਬਣਾਈਆਂ ਸਨ।

## (ਮੁੱਖ ਪੰਨੇ ਦੀ ਬਾਕੀ)

ਸਰੀ (ਕੁਲਦੀਪ ਸਿੰਘ ਸੇਖੋਂ ਬੁਲਾਰਾ ਸਤਿਕਾਰ ਕਮੇਟੀ)ਪਿਛਲੇ ਦਿਨੀ ਬੰਦੀ ਸਿੰਘਾਂ ਦੀ ਰਿਹਾਈ ਲਈ ਸਤਿਕਾਰ ਕਮੇਟੀ ਅਤੇ ਵੱਖ ਵੱਖ ਜਥੇਬੰਦੀਆਂ ਵੱਲੋਂ ਐਬਸਫੋਰਡ ਕਲਗੀਧਰ ਗੁਰਦੁਆਰਾ ਸਾਹਿਬ, ਵੱਖ ਵੱਖ ਪਾਰਕਾਂ, ਸਰੀ ਵਿਖੇ, ਬੀਅਰ ਕਰੀਕ ਪਾਰਕ ਵੈਸਟਮਿਨਸਟਰ ਸੁਖਸਾਗਰ ਵਿਖੇ ਦਸਤਖਤ ਮੁਹਿੰਮ ਚਲਾਈ ਗਈ। ਜਿਸ ਵਿੱਚ ਵੱਖ ਵੱਖ ਥਾਵਾਂ ਤੋਂ ਤਕਰੀਬਨ ਲਗਪਗ ਦੋ ਸੌ ਸੱਠ ਦਸਤਖਤ ਲੈ ਕੇ ਪਰਚਾ ਤਿਆਰ ਕੀਤਾ ਜੋ ਕਿ ਸ਼੍ਰੋਮਣੀ ਪ੍ਰਬੰਧਕ ਕਮੇਟੀ ਅੰਮ੍ਰਿਤਸਰ,ਭਾਰਤੀ ਅੰਬੈਸੀ ਵੈਨਕੂਵਰ ਕੈਨੇਡਾ ਅਤੇ ਪੰਜਾਬ ਸਰਕਾਰ ਨੂੰ ਭੇਜਿਆ ਜਾਵੇਗਾ। ਸਾਰੇ ਮੈਂਬਰਾਂ ਨੇ ਫੈਸਲਾ ਕੀਤਾ ਜਿਹੜੀ ਗਿਆਰਾਂ ਮੈਂਬਰੀ ਕਮੇਟੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਬਣਾਈ ਹੈ ਅਸੀਂ ਉਸ ਦੀ ਹਰ ਵੇਲੇ ਮਦਦ ਦੇਵਾਂਗੇ। ਗਿਆਰਾਂ ਮੈਂਬਰੀ ਕਮੇਟੀ ਨੂੰ ਬੇਨਤੀ ਕਰਾਂਗੇ ਕਿ ਪੰਜਾਬ ਸਰਕਾਰ ਨੂੰ ਮਿਲ ਕੇ ਆਖੇ ਕਿ ਅਸੈਂਬਲੀ ਵਿੱਚ ਮਤਾ ਪਾ ਕੇ ਕੇਂਦਰ ਸਰਕਾਰ ਨੂੰ ਭੇਜੇ ਤਾਂ ਕਿ ਬੰਦੀ ਸਿੰਘਾਂ ਨੂੰ ਜੇਲ੍ਹਾਂ ਵਿੱਚੋਂ ਰਿਹਾਅ ਕਰਨ ਦੀ ਕਾਰਵਾਈ ਅੱਗੇ ਚਲ ਸਕੇ । ਜਾਣਕਾਰੀ ਲਈ ਦੱਸਿਆ ਜਾਂਦਾ ਹੈ ਇਨ੍ਹਾਂ ਸਿੰਘਾਂ ਤੇ ਮੌਕੇ ਦੀਆਂ ਸਰਕਾਰਾਂ ਨੇ ਨਜਾਇਜ਼ ਕੇਸ ਪਾਏ ਸਨ। ਇਹ ਤੀਹ ਤੀਹ ਸਾਲਾਂ ਤੋਂ ਵੱਖ ਵੱਖ ਜੇਲ੍ਹਾਂ ਵਿੱਚ ਬੰਦ ਹਨ। ਇਨ੍ਹਾਂ ਨੂੰ ਜੋ ਸਜ਼ਾਵਾਂ ਦਿੱਤੀਆਂ ਸਨ ਉਹ ਪੂਰੀਆਂ ਹੋ ਚੁੱਕੀਆਂ ਹਨ ਪਰ ਇਨ੍ਹਾਂ ਨੂੰ ਅਜੇ ਵੀ ਛੱਡਿਆ ਨਹੀਂ ਗਿਆ। ਕਈ ਸਿੰਘਾਂ ਨੂੰ ਤਾਂ ਪੈਰੋਲ ਤੇ ਛੁੱਟੀ ਵੀ ਨਹੀਂ ਮਿਲੀ ਜਦੋਂ ਕਿ ਇਸ ਦੇ ਉਲਟ ਰਾਜੀਵ ਗਾਂਧੀ ਦੇ ਕਾਤਲਾਂ ਛੱਡ ਦਿੱਤਾ।

ਸਤਿਕਾਰ ਕਮੇਟੀ ਵੱਲੋਂ ਨਿਆਂਪਾਲਿਕਾ ਨੂੰ ਬੇਨਤੀ ਕਰਦਿਆਂ ਕਿਹਾ ਕਿ ਇਨ੍ਹਾਂ ਬੰਦੀ ਸਿੰਘਾਂ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾਵੇ ਕਿਉਂਕਿ ਰੱਬ ਤੋਂ ਬਾਅਦ ਜੱਜਾਂ ਦਾ ਵੀ ਫਰਜ਼ ਬਣਦਾ ਹੈ ਨਜ਼ਾਇਜ਼ ਜੇਲ਼ ਬੰਦੀ ਖਤਮ ਕੀਤੀ ਜਾਵੇ। ਸਾਨੂੰ ਗੁਰੂ ਸਾਹਿਬ ਤੇ ਪੂਰਨ ਭਰੋਸਾ ਹੈ ਕਿ ਬੰਦੀ ਸਿੰਘ ਜਲਦੀ ਆਪਣੇ ਘਰਾਂ ਪਰਿਵਾਰਾਂ ਵਿੱਚ ਆਉਣਗੇ। ਇਸ ਮੁਹਿੰਮ ਵਿੱਚ ਜਿਨ੍ਹਾਂ ਨੇ ਵਿਸ਼ੇਸ਼ ਤੌਰ ਤੇ ਹਿੱਸਾ ਲਿਆ ਬਲਵਿੰਦਰ ਸਿੰਘ ਸਰਪੰਚ, ਜਗਜੀਤ ਸਿੰਘ ਮਿਸ਼ਨ, ਮਾਸਟਰ ਮੱਸਾ ਸਿੰਘ, ਮਾਸਟਰ ਗੁਰਮੇਲ ਸਿੰਘ, ਕੁਲਦੀਪ ਸਿੰਘ ਕੈਂਥ,ਭਾਈ ਹਰਦੀਪ ਸਿੰਘ ਕਮੇਟੀ ਮੈਂਬਰ ਗੁਰਦੁਆਰਾ ਸੁੱਖ ਸਾਗਰ, ਪ੍ਰਧਾਨ ਹਰਭਜਨ ਸਿੰਘ ਅਟਵਾਲ ਸੁਖਸਾਗਰ, ਭਾਈ ਗੁਰਦੀਪ ਸਿੰਘ ਰੌਂਤਾ , ਭਾਈ ਅਮਰਜੀਤ ਸਿੰਘ,ਹਰਕੇਵਲ ਸਿੰਘ ਸਹੋਤਾ, ਬੀਬੀ ਪ੍ਰਕਾਸ਼ ਕੌਰ, ਬੀਬੀ ਦਲਜੀਤ ਕੌਰ, ਬੀਬੀ ਮਨਿੰਦਰ ਕੌਰ,ਭਾਈ ਜਸਵਿੰਦਰ ਸਿੰਘ, ਕਾਕਾ ਜੋਧਵੀਰ ਸਿੰਘ, ਕਾਕਾ ਗੁਰਫਤਿਹ ਸਿੰਘ, ਸੀਤਲ ਸਿੰਘ, ਬੀਬੀ ਅਵਤਾਰ ਕੌਰ, ਬੀਬੀ ਬਲਜੀਤ ਕੌਰ ,ਬੀਬੀ ਪ੍ਰਭਸ਼ਰਨ ਕੌਰ ,ਨਰਿਪਜੀਤ ਕੌਰ,ਭੁਪਿੰਦਰ ਸਿੰਘ ਅਤੇ ਕੁਲਦੀਪ ਸਿੰਘ ਸੇਖੋਂ ਬੁਲਾਰਾ ਸਤਿਕਾਰ ਕਮੇਟੀ ਕੈਨੇਡਾ ਨੇ ਸ਼ਿਰਕਤ ਕੀਤੀ ਅਤੇ ਅਰਦਾਸ ਬੇਨਤੀ ਕੀਤੀ। ਗੁਰੂ ਸਾਹਿਬ ਅੱਗੇ ਅਰਜ਼ੋਈ ਕੀਤੀ ਗਈ ਕਿ ਬੰਦੀ ਸਿੰਘਾਂ ਦੀ ਜਲਦੀ ਤੋਂ ਜਲਦੀ ਰਿਹਾਈ ਹੋਵੇ ਤਾਂ ਕਿ ਉਹ ਆਪਣੇ ਪਰਿਵਾਰ,ਬੱਚਿਆਂ ਨੂੰ ਮਿਲ ਕੇ ਘਰ ਸਮਾਜ ਵਿਚ ਸ਼ਾਂਤੀ ਨਾਲ ਰਹਿ ਸਕਣ।


ਇੰਮੀਗਰੇਸ਼ਨ ਸਬੰਧੀ ਤਸੱਲੀਬਖਸ਼ ਸੇਵਾਵਾਂ ਲਈ

CANADIAN VISA & SUPER VISA*

SPOUSAL SPONSORSHIP*

STUDY- WORK PERMIT & LMIA*

CIC REFUSAL APPEAL CASES*

PR & CITIZENSHIP APPLICATION*

INDIAN VISA-NAME CHANGE APPLICATION

PCC-OCI-RTI APPLICATIONS

IELTS & ENGLISH SPEAKING

*Services provided by Registered Canadian Immigration Consultant

* Settlement Services For New Immigrants

* Social Insurance Number-Medical Service Plan

*Child Care Benefit Application



Call : 778-869-1097

By Appointment Only

#202-12677-80AVE SURREY



H.M.S. Accounting & Tax Services Ltd.

hmsaccounting@gmail.com



Over 35 Yrs Experience

Expert in Quickbook Training

WCB, PST, GST, Personal & Corporate Taxes & Registration of sole proprietorship and new corporate companies

ਹੇਠ ਲਿਖੇ ਕਿਸੇ ਵੀ ਤਰਾਂ ਦੇ ਫਾਰਮ ਭਰਨੇ:

Contact us for Resume Making, EI Internet filing, Passport Applications, PR cards and all other type of applications.

ਅਸੀਂ ਪਰਨਸਲ ਅਤੇ ਬਿਜਨੈਸ ਟੈਕਸ ਰਿਟਰਨ ਈ-ਫਾਈਲ ਕਰਦੇ ਹਾਂ

Personal Tax e-filing for just $25

Call Manvir Singh

604-360-7241

#106-12414-82 Ave Surrey



THANDI AUTO CARE CENTRE LTD

WE DO REPAIR OF ALL MAKES & MODELS

- General Repairs
- Transmission- Brakes
- Tune Ups - Mufflers
- Electrical Problems
-We also do Diesel Repairs



ਅਸੀ ਹਰ ਤਰਾਂ ਦੀਆਂ ਡੋਮੇਸਟਿਕ ਅਤੇ ਇਨਪੋਟੀਡ ਕਾਰਾਂ ਅਤੇ ਵੈਨਾਂ ਦੀ ਰੀਪੇਅਰ ਕਰਦੇ ਹਾਂ



Bhupinder Singh Thandi

Certified Auto Mechanic

604.503.0713

Fax:604.503.0712

Harp_t@hotmail.com

#106-12465 82 Ave , Surrey BC

# ਬੰਦਾ ਸਿੰਘ ਬਹਾਦਰ ਨੇ ਕਿਵੇਂ ਤਾਕਤਵਰ ਮੁਗਲ ਸਾਮਰਾਜ ਨਾਲ ਲੋਹਾ ਲਿਆ ਸੀ?

ਰੇਹਾਨ ਫ਼ਜ਼ਲ

ਬੰਦਾ ਸਿੰਘ ਬਹਾਦਰ ਬਾਰੇ ਕਿਹਾ ਜਾਂਦਾ ਹੈ ਕਿ ਉਨ੍ਹਾਂ ਨੇ ਜ਼ਿੰਦਗੀ ਉਲਟ ਦਿਸ਼ਾ ਵਿੱਚ ਜਿਉਂਈ। ਅਲ੍ਹੜ ਉਮਰੇ ਸੰਤ ਬਣਨ ਵਾਲੇ ਬੰਦਾ ਸਿੰਘ ਬਹਾਦਰ ਗੁਰੂ ਗੋਬਿੰਦ ਸਿੰਘ ਦੀ ਪ੍ਰੇਰਨਾ ਨਾਲ ਸੰਸਾਰਿਕ ਜੀਵਨ ਵੱਲ ਮੁੜ ਆਏ। ਗੁਰੂ ਗੋਬਿੰਦ ਸਿੰਘ ਜੀ ਦੀ ਕ੍ਰਿਪਾ ਨਾਲ ਬਿਨਾਂ ਫੌਜੀ ਸਿਖਲਾਈ, ਹਥਿਆਰਾਂ ਅਤੇ ਫੌਜ ਦੇ 2500 ਕਿਲੋਮੀਟਰ ਦਾ ਸਫ਼ਰ ਕੀਤਾ ਅਤੇ 20 ਮਹੀਨਿਆਂ ਵਿੱਚ ਸਰਹਿੰਦ 'ਤੇ ਕਬਜ਼ਾ ਕਰਕੇ ਖਾਲਸਾ ਰਾਜ ਦੀ ਸਥਾਪਨਾ ਕੀਤੀ।"ਬੰਦਾ ਸਿੰਘ ਬਹਾਦਰ ਦਾ ਜਨਮ 27 ਅਕਤੂਬਰ, 1670 ਨੂੰ ਰਾਜੌਰੀ ਵਿੱਚ ਹੋਇਆ ਸੀ। ਬਹੁਤ ਘੱਟ ਉਮਰ ਵਿੱਚ ਘਰ ਛੱਡ ਕੇ ਉਹ ਬੈਰਾਗੀ ਹੋ ਗਏ ਅਤੇ ਉਨ੍ਹਾਂ ਨੂੰ ਮਾਧੋਦਾਸ ਬੈਰਾਗੀ ਦੇ ਨਾਮ ਨਾਲ ਜਾਣਿਆ ਜਾਣ ਲੱਗਾ। ਉਹ ਆਪਣੇ ਘਰੋਂ ਨਿਕਲ ਅਤੇ ਦੇਸ ਦਾ ਦੌਰਾ ਕਰਦੇ ਹੋਏ ਮਹਾਂਰਾਸ਼ਟਰ ਦੇ ਨਾਦੇਸ਼ ਪਹੁੰਚ ਗਏ।ਨਾਂਦੇੜ ਵਿੱਚ ਉਨ੍ਹਾਂ ਦੀ ਮੁਲਾਕਤ ਸਿੱਖਾਂ ਦੇ ਦਸਵੇਂ ਗੁਰੂ, ਗੁਰੂ ਗੋਬਿੰਦ ਸਿੰਘ ਨਾਲ ਹੋਈ। ਗੁਰੂ ਗੋਬਿੰਦ ਸਿੰਘ ਨੇ ਉਨ੍ਹਾਂ ਨੂੰ ਆਪਣਾ ਨੂੰ ਆਪਣਾ ਬੈਰਾਗੀ ਜੀਵਨ ਤਿਆਗਣ ਤੇ ਪੰਜਾਬ ਦੇ ਲੋਕਾਂ ਨੂੰ ਮੁਗ਼ਲਾਂ ਤੋਂ ਛੁਟਕਾਰਾ ਦਿਵਾਉਣ ਦਾ ਕੰਮ ਸੋਂਪਿਆ।ਜੇਐੱਸ ਗਰੇਵਾਲ ਆਪਣੀ ਕਿਤਾਬ ਸਿਖਸ ਆਫ਼ ਪੰਜਾਬ ਵਿੱਚ ਲਿਖਦੇ ਹਨ, "ਗੁਰੂ ਨੇ ਬੰਦਾ ਸਿੰਘ ਨੂੰ ਇੱਕ ਤਲਵਾਰ, ਪੰਜ ਤੀਰ ਅਤੇ ਤਿੰਨ ਸਾਥੀ ਦਿੱਤੇ। ਨਾਲ ਹੀ ਉਨ੍ਹਾਂ ਨੇ ਇੱਕ ਫ਼ਰਮਾਨ ਵੀ ਦਿੱਤਾ ਜਿਸ ਵਿੱਚ ਕਿਹਾ ਗਿਆ ਸੀ ਕਿ ਪੰਜਾਬ ਵਿੱਚ ਮੁਗ਼ਲਾ ਦੇ ਖ਼ਿਲਾਫ਼ ਸਿੱਖਾਂ ਦੀ ਅਗਵਾਈ ਕਰੋ।"ਗੋਪਾਲ ਸਿੰਘ ਨੇ ਆਪਣੀ ਕਿਤਾਬ ਗੁਰੂ ਗੋਬਿੰਦ ਸਿੰਘ ਵਿੱਚ ਇਸ ਬਾਰੇ ਹੋਰ ਵਿਸਥਾਰ ਵਿੱਚ ਦੱਸਦਿਆਂ ਲਿਖਿਆ ਹੈ, "ਗੁਰੂ ਨੇ ਬੰਦਾ ਬਹਾਦਰ ਨੂੰ ਤਿੰਨ ਸਾਥੀਆਂ ਦੇ ਨਾਲ ਪੰਜਾਬ ਕੂਚ ਕਰਨ ਦਾ ਆਦੇਸ਼ ਦਿੱਤਾ। ਉਨ੍ਹਾਂ ਨੂੰ ਕਿਹਾ ਗਿਆ ਕਿ ਉਹ ਜਾ ਕੇ ਸਰਹਿੰਦ ਸ਼ਹਿਰ ਤੇ ਕਬਜ਼ਾ ਕਰਨ ਅਤੇ ਆਪਣੇ ਹੱਥਾਂ ਨਾਲ ਵਜ਼ੀਰ ਖ਼ਾਂ ਨੂੰ ਮੌਤ ਦੀ ਸਜ਼ਾ ਦੇਣ।"ਬੰਦਾ ਸਿੰਘ ਬਹਾਦਰ ਪੰਜਾਬ ਵਿੱਚ ਨਿਕਲ ਤੁਰੇ ਪਰ ਕੁਝ ਦਿਨ ਬਾਅਦ ਹੀ ਜਮਸ਼ੀਦ ਖਾਂ ਨਾਮ ਦੇ ਇੱਕ ਅਫ਼ਗ਼ਾਨ ਨੇ ਗੁਰੂ ਗੋਬਿੰਦ ਸਿੰਘ ਤੇ ਕਟਾਰ ਨਾਲ ਵਾਰ ਕਰ ਦਿੱਤਾ। ਗੁਰੂ ਗੋਬਿੰਦ ਸਿੰਘ ਕਈ ਦਿਨਾਂ ਤੱਕ ਜ਼ਖ਼ਮੀ ਰਹੇ।ਰਾਜਮੋਹਨ ਗਾਂਧੀ ਆਪਣੀ ਕਿਤਾਬ 'ਪੰਜਾਬ ਏ ਹਿਸਟਰੀ ਆਫ਼ ਔਰੰਗਜ਼ੇਬ ਟੂ ਮਾਉਂਟਬੇਟਨ' ਵਿੱਚ ਲਿਖਦੇ ਹਨ, ''ਫ਼ੱਟੜ ਹੋਣ ਮਗਰੋਂ ਆਪਣੀ ਜ਼ਿੰਦਗੀ ਦੇ ਆਖਰੀ ਦਿਨਾਂ ਵਿੱਚ ਗੁਰੂ ਗੋਬਿੰਦ ਸਿੰਘ ਚਾਹੁੰਦੇ ਤਾਂ ਆਪਣੇ ਪੁਰਖ਼ਿਆਂ (ਪਹਿਲੇ ਗੁਰੂਆਂ) ਦੀ ਤਰ੍ਹਾਂ ਕਿਸੇ ਵਿਅਕਤੀ ਨੂੰ ਅਗਲਾ ਗੁਰੂ ਨਾਮਜ਼ਦ ਕਰ ਸਕਦੇ ਸਨ, ਪਰ ਉਨ੍ਹਾਂ ਨੇ ਅਜਿਹਾ ਨਹੀਂ ਕੀਤਾ। ਉਨ੍ਹਾਂ ਨੇ ਸਾਫ਼ ਐਲਾਨ ਕੀਤਾ ਕਿ ਉਨ੍ਹਾਂ ਤੋਂ ਬਾਅਦ ਗੁਰੂ ਗ੍ਰੰਥ ਸਾਹਿਬ ਨੂੰ ਹੀ ਸਿੱਖਾਂ ਦੇ ਸਥਾਈ ਗੁਰੂ ਦਾ ਦਰਜਾ ਦਿੱਤਾ ਜਾਵੇਗਾ।"ਸਾਲ 1709 ਵਿੱਚ ਜਦੋਂ ਮੁਗ਼ਲ ਬਾਦਸ਼ਾਹ ਬਹਾਦਰ ਸ਼ਾਹ ਹਾਲੇ ਵੀ ਦੱਖਣ ਵਿੱਚ ਲੜਾਈ ਲੜ ਰਹੇ ਸਨ, ਬੰਦਾ ਬਹਾਦਰ ਪੰਜਾਬ




ਵਿੱਚ ਸਤਲੁਜ ਦਰਿਆ ਦੇ ਪੂਰਵ ਤੱਕ ਪਹੁੰਚ ਗਏ ਅਤੇ ਸਿੱਖ ਕਿਸਾਨਾਂ ਨੂੰ ਆਪਣੇ ਵੱਲ ਕਰਨ ਦੀ ਮੁਹਿੰਮ ਵਿੱਚ ਲੱਗ ਗਏ। ਸਭ ਤੋਂ ਪਹਿਲਾਂ ਉਨ੍ਹਾਂ ਨੇ ਸੋਨੀਪਤ ਅਤੇ ਕੈਥਲ ਵਿੱਚ ਮੁਗ਼ਲਾਂ ਦਾ ਖ਼ਜ਼ਾਨਾ ਲੁੱਟਿਆ।ਮਸ਼ਹੂਰ ਇਤਿਹਾਸਕਾਰ ਹਰਿਰਾਮ ਗੁਪਤਾ ਨੇ ਆਪਣੀ ਕਿਤਾਬ 'ਲੇਟਰ ਮੁਗ਼ਲ ਹਿਸਟਰੀ ਆਫ਼ ਪੰਜਾਬ' ਵਿੱਚ ਉਸ ਜ਼ਮਾਨੇ ਦੇ ਮੁਗ਼ਲ ਇਤਿਹਾਸਕਾਰ ਖ਼ਫ਼ੀ ਖ਼ਾਂ ਦਾ ਹਵਾਲਾ ਦਿੰਦਿਆ ਦੱਸਿਆ ਕਿ , ''ਤਿੰਨ ਤੋਂ ਚਾਰ ਮਹੀਨਿਆਂ ਅੰਦਰ ਬੰਦਾ ਸਿੰਘ ਬਹਾਦਰ ਦੀ ਸੈਨਾ ਵਿੱਚ ਤਕਰੀਬਨ ਪੰਜ ਹਜ਼ਾਰ ਘੋੜੇ ਅਤੇ ਅੱਠ ਹਜ਼ਾਰ ਪੈਦਲ ਫ਼ੌਜੀ ਸ਼ਾਮਲ ਹੋ ਗਏ।''ਜ਼ਿੰਮੀਦਾਰਾਂ ਦੇ ਜ਼ੁਲਮਾਂ ਤੋਂ ਤੰਗ ਸਰਹਿੰਦ ਦੇ ਕਿਸਾਨ ਬਹੁਤ ਔਖੀ ਜ਼ਿੰਦਗੀ ਬਤੀਤ ਕਰ ਰਹੇ ਸਨ। ਉਨ੍ਹਾਂ ਨੂੰ ਨਿਡਰ ਆਗੂ ਦੀ ਤਲਾਸ਼ ਸੀ। ਉਹ ਇਹ ਵੀ ਨਹੀਂ ਸਨ ਭੁੱਲ ਸਕੇ ਕਿ ਗੁਰੂ ਗੋਬਿੰਦ ਸਿੰਘ ਦੇ ਪੁੱਤਰਾਂ ਨਾਲ ਕੀ ਹੋਇਆ ਸੀ।ਇਸ ਇਲਾਕੇ ਦੇ ਸਿੱਖਾਂ ਨੇ ਬੰਦਾ ਬਹਾਦਰ ਨੂੰ ਘੋੜੇ ਅਤੇ ਦੌਲਤ ਮਹੁੱਈਆ ਕਰਵਾਈ। ਕਈ ਸਾਲਾਂ ਤੋਂ ਮਨਸਬਦਾਰਾਂ ਨੇ ਆਪਣੇ ਸੈਨਿਕਾਂ ਨੂੰ ਤਨਖ਼ਾਹਾਂ ਨਹੀਂ ਸਨ ਦਿੱਤੀਆਂ। ਇਸ ਕਰਕੇ ਲੋਕ ਵੀ ਰੋਜ਼ਗਾਰ ਦੀ ਤਲਾਸ਼ ਵਿੱਚ ਸਨ ਜਿਸ ਨੇ ਉਨ੍ਹਾਂ ਨੂੰ ਬੰਦਾ ਸਿੰਘ ਬਹਾਦਰ ਨਾਲ ਆਉਣ ਲਈ ਪ੍ਰੇਰਿਆ।ਔਰੰਗਜ਼ੇਬ ਤੋਂ ਬਾਅਦ ਨਵੇਂ ਮੁਗ਼ਲ ਬਾਦਸ਼ਾਹ ਬਹਾਦਰ ਸ਼ਾਹ ਦਾ ਅਕਸ ਉਦਾਰਵਾਦੀ ਜ਼ਰੂਰ ਬਣ ਗਿਆ ਪਰ ਕਿਉਂਕਿ ਉਹ ਪੰਜਾਬ ਅਤੇ ਦਿੱਲੀ ਤੋਂ ਦੂਰ ਸਨ ਇਸ ਲਈ ਉਨ੍ਹਾਂ ਦੇ ਅਫ਼ਸਰ ਅਤੇ ਆਮ ਲੋਕ ਉਨ੍ਹਾਂ ਨੂੰ ਕਮਜ਼ੋਰ ਸਮਝਣ ਲੱਗੇ।ਲੋਕਾਂ ਦੇ ਮਨ ਵਿੱਚ ਬਾਦਸ਼ਾਹ ਦਾ ਜੋ ਡਰ ਸੀ ਉਹ ਜਾਂਦਾ ਰਿਹਾ। ਨਵੰਬਰ, 1709 ਵਿੱਚ ਬੰਦਾ ਬਹਾਦਰ ਦੇ ਫ਼ੌਜੀਆਂ ਨੇ ਅਚਾਨਕ ਸਰਹਿੰਦ ਵਿੱਚ ਪੈਂਦੇ ਕਸਬੇ ਸਮਾਣਾ 'ਤੇ ਹਮਲਾ ਕਰ ਦਿੱਤਾ।ਹਰਿਰਾਮ ਗੁਪਤਾ ਲਿਖਦੇ ਹਨ, "ਸਮਾਣਾ ਹਮਲੇ ਕਰਨ ਦੀ ਵਜ੍ਹਾ ਸੀ ਕਿ 34 ਸਾਲ ਪਹਿਲਾਂ ਗੁਰੂ ਤੇਗ਼ ਬਹਾਦਰ ਦਾ ਸਿਰ ਕਲਮ ਕਰਵਾਉਣ ਵਾਲਾ ਅਤੇ ਗੁਰੂ ਗੋਬਿੰਦ ਸਿੰਘ ਦੇ ਪੁੱਤਾਂ ਨੂੰ ਮਾਰਨ ਵਾਲਾ ਵਿਅਕਤੀ ਵਜ਼ੀਰ ਖ਼ਾਂ ਉਸੇ ਸ਼ਹਿਰ ਵਿੱਚ ਰਹਿ ਰਿਹਾ ਸੀ।"''ਸਮਾਣਾ ਦੇ ਕੋਲ ਸਿਧੌਰਾ ਦੇ ਮਨਸਬਦਾਰ ਉਸਮਾਨ ਖਾਂ ਨੇ ਗੁਰੂ ਗੋਬਿੰਦ ਸਿੰਘ ਨਾਲ ਦੋਸਦੀ ਰੱਖਣ ਵਾਲੇ ਇੱਕ ਮੁਸਲਮਾਨ ਪੀਰ ਨੂੰ ਤੰਗ ਕੀਤਾ ਸੀ ਇਸ ਲਈ ਉਥੇ ਕਤਲੇਆਮ ਦਾ ਹੁਕਮ ਦਿੱਤਾ ਗਿਆ। ਬਾਅਦ ਵਿੱਚ ਖ਼ਫ਼ੀ ਖ਼ਾਂ ਨੇ ਲਿਖਿਆ ਕਿ ਬੰਦਾ ਬਹਾਦਰ ਨੇ ਮੁਗ਼ਲ ਅਫ਼ਸਰਾਂ ਨੂੰ ਹੁਕਮ ਦਿੱਤਾ ਕਿ ਉਹ ਆਪਣਾ ਅਹੁਦਾ ਛੱਡ ਦੇਣ।"ਸਮਾਣਾ ਨੂੰ ਬਚਾਉਣ ਲਈ ਦਿੱਲੀ ਤੋਂ ਸਰਹਿੰਦ ਲਈ ਕੋਈ ਮਦਦ ਨਹੀਂ ਭੇਜੀ ਗਈ। ਸਰਹਿੰਦ ਦਿੱਲੀ ਅਤੇ ਲਾਹੌਰ ਦਰਮਿਆਨ ਵਸਿਆ ਸ਼ਹਿਰ ਸੀ। ਇਥੇ ਮੁਗ਼ਲਾਂ ਨੇ ਵੱਡੇ ਵੱਡੇ ਭਵਨ ਬਣਵਾਏ ਹੋਏ ਸਨ ਅਤੇ ਉਸ ਸਮੇਂ ਪੂਰੇ ਭਾਰਤ ਵਿੱਚ ਲਾਲ ਮਲਮਲ ਬਣਾਉਣ ਲਈ ਮਸ਼ਹੂਰ ਸੀ।ਬੰਦਾ ਬਹਾਦਰ ਨੇ ਮਈ 1710 ਵਿੱਚ ਸਰਹਿੰਦ 'ਤੇ ਹਮਲਾ ਬੋਲਿਆ। ਹਰੀਸ਼ ਢਿਲੋਂ ਆਪਣੀ ਕਿਤਾਬ 'ਫ਼ਸਟ ਰਾਜ ਆਫ਼ ਦਾ ਸਿਖਸ ਦਾ ਲਾਈਫ਼ ਐਂਡ ਟਾਈਮਸ ਆਫ਼ ਬੰਦਾ ਸਿੰਘ ਬਹਾਦਰ ਵਿੱਚ ਲਿਖਦੇ ਹਨ, ''ਬੰਦਾ ਦੀ ਫ਼ੌਜ ਵਿੱਚ 35000 ਲੋਕ ਸਨ। ਇੰਨਾਂ ਵਿਚੋਂ 11000 ਭਾੜੇ ਦੇ ਫ਼ੋਜੀ ਸਨ। ਵਜੀਰ ਖ਼ਾਂ ਕੋਲ ਚੰਗੇ ਸਿਖਲਾਈਯਾਫ਼ਤਾ 15000 ਸੈਨਿਕ ਸਨ।

ਘੱਟ ਗਿਣਤੀ ਵਿੱਚ ਹੁੰਦਿਆਂ ਵੀ ਵਜ਼ੀਰ ਦੀ ਫ਼ੌਜ ਕੋਲ ਸਿੱਖਾਂ ਦੇ ਮੁਕਾਬਲੇ ਬਹਿਤਰ ਹਥਿਆਰ ਸਨ।"ਉਨ੍ਹਾਂ ਕੋਲ ਘੱਟ ਤੋਂ ਘੱਟ ਦੋ ਦਰਜਨ ਤੋਪਾਂ ਸਨ ਅਤੇ ਉਨ੍ਹਾਂ ਦੇ ਅੱਧੇ ਫ਼ੌਜੀ ਘੋੜਸਵਾਰ ਸਨ."22 ਮਈ 1710 ਨੂੰ ਹੋਈ ਇਸ ਲੜਾਈ ਵਿੱਚ ਬੰਦਾ ਬਹਾਦਰ ਨੇ ਵਿਚਕਾਰ ਰੱਖੀਆਂ ਚਾਰ ਤੋਪਾਂ ਤੇ ਸਭ ਤੋਂ ਪਹਿਲਾਂ ਹਮਲਾ ਕੀਤਾ ਕਿਉਂਕਿ ਸਭ ਤੋਂ ਕਮਜ਼ੋਰ ਤੋਪਾਂ ਨੂੰ ਹਮੇਸ਼ਾਂ ਵਿਚਕਾਰ ਰੱਖਿਆ।ਇਸ ਹਮਲੇ ਦੀ ਕਮਾਨ ਉਨ੍ਹਾਂ ਆਪਣੇ ਭਰਾ ਫ਼ਤਿਹ ਸਿੰਘ ਨੂੰ ਦਿੱਤੀ। ਹਰੀਸ਼ ਢਿਲੋਂ ਲਿਖਦੇ ਹਨ, " ਆਮੋ-ਸਾਹਮਣੇ ਦੀ ਲੜਾਈ ਵਿੱਚ ਫ਼ਤਿਹ ਸਿੰਘ ਨੇ ਵਜ਼ੀਰ ਖ਼ਾਂ ਦੇ ਸਿਰ 'ਤੇ ਵਾਰ ਕੀਤਾ।"''ਜਿਵੇਂ ਹੀ ਸਰਹਿੰਦ ਵਿੱਚ ਫ਼ੋਜ਼ੀਆਂ ਨੇ ਆਪਣੇ ਸੈਨਾਪਤੀ ਦਾ ਕੱਟਿਆ ਸਿਰ ਜ਼ਮੀਨ ਤੇ ਡਿਗਦਿਆਂ ਦੇਖਿਆ ਉਨ੍ਹਾਂ ਦਾ ਮਨੋਬਲ ਢਹਿ ਗਿਆ ਅਤੇ ਉਹ ਮੈਦਾਨ ਛੱਡ ਭੱਜ ਗਏ।"ਇਸ ਲੜਾਈ ਵਿੱਚ ਬੰਦਾ ਬਹਾਦਰ ਦੀ ਜਿੱਤ ਹੋਈ। ਸਰਹਿੰਦ ਸ਼ਹਿਰ ਨੂੰ ਮਿੱਟੀ ਵਿੱਚ ਮਿਲਾ ਦਿੱਤਾ ਗਿਆ।ਇਸ ਤੋਂ ਬਾਅਦ ਜਦੋਂ ਬੰਦਾ ਬਹਾਦਰ ਨੂੰ ਖ਼ਬਰ ਮਿਲੀ ਕਿ ਯਮੁਨਾ ਨਦੀ ਦੇ ਪੂਰਬ ਵਿੱਚ ਹਿੰਦੂਆਂ ਨੂੰ ਤੰਗ ਕੀਤਾ ਜਾ ਰਿਹਾ ਹੈ ਤਾਂ ਉਨ੍ਹਾਂ ਨੇ ਯਮੁਨਾ ਨਦੀ ਪਾਰ ਕੀਤੀ ਅਤੇ ਸਹਾਰਨਪੁਰ ਸ਼ਹਿਰ ਨੂੰ ਤਬਾਹ ਕਰ ਦਿੱਤਾ।ਬੰਦਾ ਬਹਾਦਰ ਦੇ ਹਮਲਿਆਂ ਤੋਂ ਉਤਸ਼ਾਹਿਤ ਹੋ ਸਥਾਨਕ ਸਿੱਖ ਲੋਕਾਂ ਨੇ ਦੁਆਬੇ ਵਿੱਚ ਜਲੰਧਰ ਦੇ ਇਲਾਕੇ ਰਾਹੋਂ,ਬਟਾਲਾ ਅਤੇ ਪਠਾਨਕੋਟ 'ਤੇ ਕਬਜ਼ਾ ਕਰ ਲਿਆ।ਬੰਦਾ ਸਿੰਘ ਬਹਾਦਰ ਨੇ ਆਪਣੇ ਨਵੇਂ ਕਾਰਜਕਾਰੀ ਕੇਂਦਰ ਨੂੰ ਲੋਹਗੜ੍ਹ ਦਾ ਨਾਮ ਦਿੱਤਾ। ਸਰਹਿੰਦ ਦੀ ਜਿੱਤ ਨੂੰ ਯਾਦ ਕਰਦਿਆਂ ☞


## ਵਰਕਰਾਂ ਦੀ ਲੋੜ

ਸਰੀ ਦੀ ਡਰਾਈਵਾਲ ਕੰਪਨੀ ਨੂੰ ਡਰਾਈਵਾਲ ਬੋਰਡਿੰਗ ਅਤੇ ਸਟੀਲ ਸਟੱਡ ਫਰੇਮਿੰਗ ਦੇ ਕੰਮ ਲਈ ਵਰਕਰਾਂ ਦੀ ਤੁਰੰਤ ਲੋੜ ਹੈ।ਤਜਰਬੇ ਮੁਤਾਬਕ ਵਧੀਆ ਤਨਖਾਹ ਦਿੱਤੀ ਜਾਵੇਗੀ।ਸਰੀ ਤੋਂ ਰਾਈਡ ਦਾ ਪ੍ਰਬੰਧ ਹੋਵੇਗਾ।ਕੰਮ ਫੁੱਲ ਟਾਈਮ ਅਤੇ ਨਵੇਂ ਵਰਕਰ ਵੀ ਅਪਲਾਈ ਕਰ ਸਕਦੇ ਹਨ।

ਸੰਪਰਕ ਕਰੋ: Approved LMIA ਵੀ ਉਪਲਬਧ ਹੈ

778-865-2763

H10 jun

## The Builder's Direct

Experienced & Honest


Bath & Kitchen Fixtures



Wholesale price to public

We carry all major brands

Fireplaces Also Available



Get all kind of Kitchen & Washroom Fixtures at wholesale prices.

Call For Free Estimates

Harjit Sahota: 778-808-2628

604-593-7755

12652-82 Ave, Surrey BC

## T&S Transportation

Hiring Owner Operators & Drivers



ਟੀ ਐਂਡ ਐਸ ਟਰਾਂਸਪੋਰਟੇਸ਼ਨ ਨੂੰ ਬੀ ਸੀ ਤੋਂ ਉਨਟੇਰੀਓ,ਬੀ ਸੀ ਤੋਂ ਅਲਬਰਟਾ ਅਤੇ ਬੀ ਸੀ ਤੋਂ ਅਮਰੀਕਾ ਚੱਲਣ ਵਾਲੇ ਓਨਰ ਅਪਰੇਟਰ ਅਤੇ ਡਰਾਈਵਰ ਜਲਦ ਤੋਂ ਜਲਦ ਚਾਹੀਦੇ ਹਨ।

ਅਸੀਂ ਓਨਰ ਅਪਰੇਟਰਾਂ ਲਈ ਫਾਇਨੈਂਸਿੰਗ ਵੀ ਕਰਵਾ ਕੇ ਦੇ ਸਕਦੇ ਹਾਂ

ਸਾਡੇ ਕੋਲ LMIO ਹਨ।ਲੋੜਵੰਦ ਸੰਪਰਕ ਕਰ ਸਕਦੇ ਹਨ

ਹੋਰ ਜਾਣਕਾਰੀ ਲਈ ਫੋਨ ਕਰੋ

604-607-0333

ਉਨ੍ਹਾਂ ਨੇ ਨਵੇਂ ਸਿੱਕੇ ਢਲਵਾਏ ਅਤੇ ਆਪਣੀ ਨਵੀਂ ਮੋਹਰ ਜਾਰੀ ਕੀਤੀ। ਉਨ੍ਹਾਂ ਸਿੱਕਿਆਂ ਤੇ ਗੁਰੂ ਨਾਨਕ ਅਤੇ ਗੁਰੂ ਗੋਬਿੰਦ ਸਿੰਘ ਦੇ ਚਿੱਤਰ ਸਨ। ਸਾਲ 1710 ਵਿੱਚ 66 ਸਾਲਾ ਮੁਗ਼ਲ ਬਾਦਸ਼ਾਹ ਬਹਾਦਰ ਸ਼ਾਹ ਖ਼ੁਦ ਬੰਦਾ ਸਿੰਘ ਬਹਾਦਰ ਖ਼ਿਲਾਫ਼ ਜੰਗ ਦੇ ਮੈਦਾਨ ਵਿੱਚ ਉੱਤਰੇ। ਦੱਖਣ ਤੋਂ ਵਾਪਸ ਆਉਂਦਿਆਂ ਬਹਾਦਰ ਸ਼ਾਹ ਦਿੱਲੀ ਵਿੱਚ ਨਹੀਂ ਰੁਕੇ ਅਤੇ ਉਨ੍ਹਾਂ ਨੇ ਸਿੱਧਾ ਲੋਹਗੜ੍ਹ ਵੱਲ ਕੀਤਾ। ਮੁਗ਼ਲ ਫ਼ੌਜ ਬੰਦਾ ਬਹਾਦਰ ਦੀ ਫ਼ੌਜ ਤੋਂ ਕਿਤੇ ਵੱਡੀ ਸੀ। ਬੰਦਾ ਬਹਾਦਰ ਨੂੰ ਭੇਸ ਬਦਲ ਕੇ ਲੋਹਗੜ੍ਹ ਵਿੱਚੋਂ ਜਾਣ ਲਈ ਮਜ਼ਬੂਰ ਹੋਣਾ ਪਿਆ।

ਐੱਸ ਐੱਸ ਲਤੀਫ਼ ਆਪਣੀ ਕਿਤਾਬ 'ਦ ਹਿਸਟਰੀ ਆਫ਼ ਪੰਜਾਬ' ਵਿੱਚ ਲਿਖਦੇ ਹਨ, ''ਬੰਦਾ ਬਹਾਦਰ ਨੂੰ ਧਿਆਨ ਵਿੱਚ ਰੱਖ ਕੇ ਮੁਗ਼ਲ ਬਾਦਸ਼ਾਹ ਬਹਾਦਰ ਸ਼ਾਹ ਨੇ ਹੁਕਮ ਦਿੱਤਾ ਕਿ ਹੁਣ ਦਿੱਲੀ ਦੀ ਬਜਾਇ ਲਾਹੌਰ ਉਨ੍ਹਾਂ ਦੀ ਰਾਜਧਾਨੀ ਹੋਵੇਗੀ।"ਲਾਹੌਰ ਤੋਂ ਉਨ੍ਹਾਂ ਨੇ ਬੰਦੇ ਨੂੰ ਫੜਨ ਲਈ ਆਪਣੇ ਫ਼ੌਜੀ ਕਮਾਂਡਰ ਭੇਜੇ। ਉਸ ਸਮੇਂ ਤੱਕ ਬੰਦੇ ਨੇ ਖ਼ੁਦ ਨੂੰ ਆਪਣੀ ਪਤਨੀ ਅਤੇ ਕੁਝ ਸਿੱਖਾਂ ਦੇ ਨਾਲ ਪਹਾੜਾਂ ਵਿੱਚ ਲਕੋ ਲਿਆ ਸੀ। ਜਦੋਂ ਇੱਕ ਕਮਾਂਡਰ ਖਾਲੀ ਹੱਥ ਵਾਪਸ ਆਇਆ ਤਾਂ ਬਹਾਦਰ ਸ਼ਾਹ ਨੇ ਉਸ ਨੂੰ ਕਿਲੇ ਵਿੱਚ ਹੀ ਹਿਰਾਸਤ ਵਿੱਚ ਰੱਖਣ ਦੇ ਹੁਕਮ ਦਿੱਤੇ। ਲਾਹੌਰ ਵਿੱਚ ਸਿੱਖਾਂ ਦੇ ਦਾਖਲੇ 'ਤੇ ਪਾਬੰਦੀ ਲਗਾ ਦਿੱਤੀ ਗਈ। ਹਾਲਾਂਕਿ ਬੰਦੇ ਦੇ ਸਾਥੀ ਰਾਤ ਨੂੰ ਰਾਵੀ ਦਰਿਆ ਪਾਰ ਕਰਕੇ ਤੈਰਦੇ ਹੋਏ ਲਾਹੌਰ ਦੇ ਬਾਹਰੀ ਇਲਾਕਿਆਂ ਵਿੱਚ ਆਉਂਦੇ ਅਤੇ ਮੁਗਲ ਪ੍ਰਸ਼ਾਸਨ ਨੂੰ ਤੰਗ ਕਰਕੇ ਦਿਨ ਚੜ੍ਹਨ ਤੋਂ ਪਹਿਲਾਂ ਦਰਿਆ ਪਾਰ ਕਰਕੇ ਚਲੇ ਜਾਂਦੇ।''ਸਾਲ 1712 ਵਿੱਚ ਬਾਦਸ਼ਾਹ ਬਾਹਦਰ ਸ਼ਾਹ ਦੀ ਮੌਤ ਹੋ ਗਈ। ਇਸ ਤੋਂ ਬਾਅਦ ਹੋਈ ਲੜਾਈ ਵਿੱਚ ਸੱਤਾ ਪਹਿਲਾਂ ਜਹੰਦਰ ਦੇ ਹੱਥ ਵਿੱਚ ਆਈ ਅਤੇ ਫਿਰ ਉਸ ਦੇ ਭਤੀਜੇ ਫ਼ੁਰਖ਼ਸ਼ੀਅਰ ਨੂੰ ਮੁਗਲੀਆ ਤਾਜ ਮਿਲਿਆ। ਫ਼ੁਰਖ਼ਸ਼ੀਅਰ ਨੇ ਬੰਦਾ ਸਿੰਘ ਬਹਾਦਰ ਨੂੰ ਫੜਨ ਦੀ ਮੁਹਿੰਮ ਕਸ਼ਮੀਰ ਦੇ ਸੂਬੇਦਾਰ ਅਬਦੁੱਲ ਸਮਦ ਖ਼ਾਨ ਨੂੰ ਸ਼ੁਰੂ ਕਰਨ ਦੇ ਹੁਕਮ ਦਿੱਤੇ। ਸਮਦ ਨੇ 1713 ਦੇ ਆਉਂਦੇ-ਆਉਂਦੇ ਬੰਦਾ ਬਹਾਦਰ ਨੂੰ ਸਰਹੰਦ ਛੱਡ ਕੇ ਜਾਣ ਲਈ ਮਜਬੂਰ ਕਰ ਦਿੱਤਾ। ਹਾਲਾਂਕਿ ਬੰਦੇ ਅਤੇ ਸਮਦ ਦੇ ਸੈਨਿਕਾਂ ਦੇ ਦਰਮਿਆਨ ਲੁਕਣ-ਮੀਟੀ ਦਾ ਖੇਡ ਚੱਲਦਾ ਰਿਹਾ। ਆਖ਼ਰਕਾਰ ਸਮਦ ਖਾਂ ਨੇ ਬੰਦਾ ਬਹਾਦਰ ਨੂੰ ਅਜੋਕੇ ਗੁਰਦਾਸਪੁਰ ਸ਼ਹਿਰ ਤੋਂ ਚਾਰ ਮੀਲ ਦੂਰ ਗੁਰਦਾਸ ਨੰਗਲ ਪਿੰਡ ਦੇ ਇੱਕ ਕਿਲੇ ਵਿੱਚ ਧੱਕਣ ਵਿੱਚ ਸਫ਼ਲਤਾ ਮਿਲੀ।

ਇੱਥੇ ਕਿਲੇ ਨੂੰ ਇੰਨਾ ਸਖ਼ਤ ਘੇਰਾ ਪਾਇਆ ਗਿਆ ਕਿ ਉਸ ਦੇ ਅੰਦਰ ਅਨਾਜ ਦਾ ਇੱਕ ਦਾਣਾ ਤੱਕ ਨਹੀਂ ਪਹੁੰਚ ਸਕਿਆ। ਕਿਲੇ ਦੇ ਅੰਦਰ ਭੁੱਖਮਰੀ ਫੈਲ ਗਈ ਅਤੇ ਬੰਦੇ ਅਤੇ ਉਨ੍ਹਾਂ ਦੇ ਸਾਥੀਆਂ ਨੂੰ ਘੋੜਿਆਂ ਅਤੇ ਗਧਿਆਂ ਦਾ ਮਾਸ ਖਾ ਕੇ ਆਪਣੇ-ਆਪ ਨੂੰ ਜ਼ਿੰਦਾ ਰੱਖਣਾ ਪਿਆ। ਹਰੀਰਾਮ ਗੁਪਤਾ ਲਿਖਦੇ ਹਨ, ਘਾਹ, ਪੱਤੇ ਅਤੇ ਮਾਸ ਤੇ ਗੁਜ਼ਾਰਾ ਕਰਦੇ ਹੋਏ ਬੰਦਾ ਬਹਾਦਰ ਨੇ ਤਾਕਤਵਰ ਮੁਗਲ ਫ਼ੌਜ ਦਾ ਅੱਠ ਮਹੀਨਿਆਂ ਤੱਕ ਬੜੀ ਬਹਾਦਰੀ ਨਾਲ ਸਾਹਮਣਾ ਕੀਤਾ। ਆਖ਼ਰਕਾਰ 1715 ਵਿੱਚ ਸਮਦ ਖ਼ਾਨ ਬੰਦਾ ਬਹਾਦਰ ਦੇ ਕਿਲ੍ਹੇ ਵਿੱਚ ਸੰਨ੍ਹ ਲਗਾਉਣ ਵਿੱਚ ਕਾਮਯਾਬ ਹੋ ਗਏ।''ਬੰਦਾ ਬਹਾਦਰ ਨੂੰ ਫੜ ਲਏ ਜਾਣ ਤੋਂ ਬਾਅਦ ਉਨ੍ਹਾਂ ਦੇ ਬਹੁਤ ਸਾਰੇ ਸਾਥੀਆਂ ਨੂੰ ਗੁਰਦਾਸ ਨੰਗਲ ਵਿੱਚ ਕੀ ਕਤਲ ਕਰ ਦਿੱਤਾ ਗਿਆ। ਦੂਜੇ ਲੋਕਾਂ ਨੂੰ ਲਾਹੌਰ ਵਾਪਸੀ ਸਮੇਂ ਰਾਵੀ ਦਰਿਆ ਦੇ ਨੇੜੇ ਕਤਲ ਕਰ ਦਿੱਤਾ ਗਿਆ। ਐਸਐਮ ਲਤੀਫ਼ ਲਿਖਦੇ ਹਨ, ਸੂਬੇਦਾਰ ਨੇ ਜੇਤੂ ਵਾਂਗ ਲਾਹੌਰ ਵਿੱਚ ਪ੍ਰਵੇਸ਼ ਕੀਤਾ। ਉਨ੍ਹਾਂ ਦੇ ਪਿੱਛੇ ਬੰਦਾ ਬਾਹਦਰ ਆਪਣੇ ਸੈਨਿਕਾਂ ਦੇ ਨਾਲ ਤੁਰ ਰਹੇ ਸਨ।''''ਸਾਰੇ ਕੈਦੀਆਂ ਨੂੰ ਜ਼ੰਜੀਰਾਂ ਨਾਲ ਬੰਨ੍ਹ ਕੇ ਗਧਿਆਂ ਉੱਪਰ ਬੈਠਣ ਲਈ ਮਜਬੂਰ ਕੀਤਾ ਗਿਆ ਸੀ।''ਸਮਦ ਖ਼ਾਨ ਨੇ ਬਾਦਸ਼ਾਹ ਤੋਂ ਬੰਦੇ ਨੂੰ ਖ਼ੁਦ ਦਿੱਲੀ ਲੈ ਜਾਣ ਦੀ ਆਗਿਆ ਮੰਗੀ ਪਰ ਬਾਦਸ਼ਾਹ ਨੇ ਮਨ੍ਹਾਂ ਕਰ ਦਿੱਤਾ। ਫਿਰ ਅਗਲੇ ਦਿਨ ਸਮਦ ਖ਼ਾਨ ਨੇ ਆਪਣੇ ਪੁੱਤਰ ਜ਼ਕਰੀਆ ਖ਼ਾਨ ਦੀ ਅਗਵਾਈ ਵਿੱਚ ਇਨ੍ਹਾਂ ਕੈਦੀਆਂ ਨੂੰ ਦਿੱਲੀ ਲਈ ਰਵਾਨਾ ਕੀਤਾ। 27 ਫ਼ਰਵਰੀ ਨੂੰ ਇਹ ਜਲੂਸ ਦਿੱਲੀ ਵਿੱਚ ਦਾਖਲ ਹੋਇਆ। ਜਲੂਸ ਨੂੰ ਦੇਖਣ ਲਈ ਵੱਡੀ ਗਿਣਤੀ ਵਿੱਚ ਦਿੱਲੀ ਵਾਸੀ ਸੜਕਾਂ 'ਤੇ ਇਕੱਠੇ ਹੋਏ ਸਨ। ਜੇਬੀਐਸ ਯੂਬਿਰੌਏ ਆਪਣੀ ਕਿਤਾਬ 'ਰੀਜਨਲ, ਸਿਵਲ ਸੋਸਾਈਟੀ ਐਂਡ ਦਿ ਸਟੇਟ- ਏ ਸਟੱਡੀ ਆਫ਼ ਸਿੱਖਿਜ਼ਮ' ਵਿੱਚ ਲਿਖਦੇ ਹਨ,'' ਇੱਕ ਅੰਗਰੇਜ਼ ਨੇ, ਜੋ ਜਨਵਰੀ 1716 ਵਿੱਚ ਦਿੱਲੀ ਵਿੱਚ ਸੀ, ਲਿਖਿਆ ਸੀ ਕਿ ਉਸ ਨੇ ਦਿੱਲੀ ਜਾਣ ਵਾਲੇ ਜਲੂਸ ਨੂੰ ਦੇਖਿਆ ਸੀ। ਉਸ ਵਿੱਚ ਕਰੀਬ 744 ਜ਼ਿੰਦਾ ਸਿੱਖ ਕੈਦੀ ਤੁਰ ਰਹੇ ਸਨ।''''ਉਨ੍ਹਾਂ ਨੂੰ ਦੋ-ਦੋ ਕਰਕੇ ਬਿਨਾਂ ਕਾਠੀ ਵਾਲੇ ਉੱਠਾਂ ਉੱਪਰ ਬੰਨ੍ਹਿਆ ਹੋਇਆ ਸੀ। ਜਾਣੀ 377 ਊਠਾਂ ਦਾ ਕਾਫ਼ਲਾ ਚੱਲ ਰਿਹਾ ਸੀ। ਹਰੇਕ ਕੈਦੀ ਦਾ ਇੱਕ ਹੱਥ ਗਰਦਨ ਦੇ ਪਿੱਛੇ ਲੋਹੇ ਦੀ ਜ਼ੰਜੀਰ ਨਾਲ ਬੰਨ੍ਹਿਆ ਹੋਇਆ ਸੀ। ਇਸ ਤੋਂ ਇਲਾਵਾ ਉਨ੍ਹਾਂ ਨੇ ਲੰਬੇ ਬਾਂਸਾਂ ਉੱਪਰ 2000 ਸਿੱਖਾਂ ਦੇ ਸਿਰ ਟੰਗੇ ਹੋਏ ਸਨ।''''ਉਨ੍ਹਾਂ ਦੇ ਪਿੱਛੇ ਬੰਦਾ ਬਾਹਦਰ ਚੱਲ ਰਹੇ ਸਨ। ਉਨ੍ਹਾਂ ਨੂੰ ਇੱਕ ਲੋਹੇ ਦੇ ਪਿੰਜਰੇ ਵਿੱਚ ਪਾ ਕੇ ਹਾਥੀ ਉੱਪਰ ਬੰਨ੍ਹਿਆ ਗਿਆ ਸੀ। ਉਨ੍ਹਾਂ ਦੇ ਦੋਵੇਂ ਹੱਥ ਅਤੇ ਦੋਵੇਂ ਪੈਰ ਲੋਹੇ ਦੀਆਂ ਸਾਂਕਲਾਂ ਨਾਲ ਜਕੜੇ ਹੋਏ ਸਨ। ਉਨ੍ਹਾਂ ਦੇ ਆਸ-ਪਾਸ ਨੰਗੀਆਂ ਤਲਵਾਰਾਂ ਲਈ ਦੋ ਮੁਗਲ ਸਿਪਾਹੀ ਖੜ੍ਹੇ ਸਨ।''

ਕੈਦੀਆਂ 5 ਮਾਰਚ,1716 ਨੂੰ ਇੱਕ ਹਫ਼ਤੇ ਤੱਕ ਕੈਦ ਵਿੱਚ ਰੱਖਣ ਤੋਂ ਬਾਅਦ ਕਤਲੇਆਮ ਸ਼ੁਰੂ ਹੋਇਆ। ਹਰ ਸਵੇਰੇ ਕੋਤਵਾਲ ਸਰਬਰਾਹ ਖ਼ਾਨ ਇਨ੍ਹਾਂ ਕੈਦੀਆਂ ਨੂੰ ਕਹਿੰਦਾ, ਤੁਹਾਨੂੰ ਆਪਣੀ ਗ਼ਲਤੀ ਸੁਧਾਰਨ ਦਾ ਆਖ਼ਰੀ ਮੌਕਾ ਦਿੱਤਾ ਜਾ ਰਿਹਾ ਹੈ। ਸਿੱਖ ਗੁਰੂਆਂ ਦੀ ਸਿੱਖਿਆ ਵਿੱਚ ਆਪਣਾ ਅਕੀਦਾ ਖ਼ਤਮ ਕਰੋ ਅਤੇ ਇਸਲਾਮ ਕਬੂਲ ਕਰ ਲਓ। ਤੁਹਾਡੀ ਜਾਨ ਬਖ਼ਸ਼ ਦਿੱਤੀ ਜਾਵੇਗੀ।''ਹਰੀਸ਼ ਢਿੱਲੋਂ ਲਿਖਦੇ ਹਨ,'' ਹਰ ਸਿੱਖ ਨੇ ਮੁਸਕਰਾਉਂਦੇ ਹੋਏ ਆਪਣਾ ਸਿਰ ਹਿਲਾ ਕੇ ਕੋਤਵਾਲ ਦੀ ਪੇਸ਼ਕਸ਼ ਦਾ ਜਵਾਬ ਦਿੱਤਾ। ਸੱਤ ਦਿਨਾਂ ਤੱਕ ਲਗਾਤਾਰ ਹੋਏ ਸਿੱਖਾਂ ਦੇ ਕਤਲੇਆਮ ਨੂੰ ਬਾਅਦ ਵਿੱਚ ਕੁਝ ਦਿਨਾਂ ਲਈ ਰੋਕ ਦਿੱਤਾ ਗਿਆ।''''ਕੋਤਵਾਲ ਨੇ ਫ਼ੁਰਖ਼ਸ਼ੀਅਰ ਨੂੰ ਸਲਾਹ ਦਿੱਤੀ ਕਿ ਬੰਦੇ ਨੂੰ ਆਪਣੇ ਫ਼ੈਸਲੇ ਉੱਪਰ ਮੁੜ ਵਿਚਾਰ ਕਰਨ ਲਈ ਕੁਝ ਸਮਾਂ ਹੋਰ ਦਿੱਤਾ ਜਾਵੇ। ਜੇਲ੍ਹ ਵਿੱਚ ਏਕਾਂਤਵਾਸ ਵਿੱਚ ਰਹਿ ਰਹੇ ਬੰਦਾ ਬਹਾਦਰ ਦੀ ਕੋਠਰੀ ਦੇ ਸਾਹਮਣਿਓਂ ਜਦੋਂ ਵੀ ਕੋਤਵਾਲ ਸਰਬਰਾਹ ਖ਼ਾਨ ਗੁਜ਼ਰਦਾ ਤਾਂ ਉਹ ਉਨ੍ਹਾਂ ਨੂੰ ਆਪਣੀ ਮਾਲਾ ਫੇਰਦੇ ਹੋਏ ਦੇਖਦਾ।''9 ਜੂਨ, 1716 ਨੂੰ ਬੰਦੇ ਅਤੇ ਉਨ੍ਹਾਂ ਦੇ ਕੁਝ ਸਾਥੀਆਂ ਨੂੰ ਕੁਤਬ ਮੀਨਾਰ ਦੇ ਕੋਲ ਮਹਿਰੌਲੀ ਵਿੱਚ ਬਹਾਦਰ ਸ਼ਾਹ ਦੀ ਕਬਰ 'ਤੇ ਲਿਜਾਇਆ ਗਿਆ। ਉੱਥੇ ਉਨ੍ਹਾਂ ਨੂੰ ਆਪਣਾ ਸਿਰ ਝੁਕਾਉਣ ਲਈ ਕਿਹਾ ਗਿਆ। ਬੰਦਾ ਬਹਾਦਰ ਦੇ ਚਾਰ ਸਾਲਾ ਪੁੱਤਰ ਅਜੈ ਸਿੰਘ ਨੂੰ ਉਨ੍ਹਾਂ ਦੇ ਸਾਹਮਣੇ ਬਿਠਾ ਦਿੱਤਾ ਗਿਆ। ਹਰੀਸ਼ ਢਿੱਲੋਂ ਲਿਖਦੇ ਹਨ,'' ਕੋਤਵਾਲ ਸਰਬਰਾਹ ਖ਼ਾਨ ਦੇ ਇਸ਼ਾਰੇ ਉੱਪਰ ਅਜੈ ਸਿੰਘ ਦੇ ਤਲਵਾਰ ਨਾਲ ਟੁਕੜੇ ਕਰ ਦਿੱਤੇ ਗਏ। ਬੰਦਾ ਬਹਾਦਰ ਅਡੋਲ ਬੈਠੇ ਰਹੇ। ਅਜੈ ਸਿੰਘ ਦੇ ਦਿਲ ਨੂੰ ਉਨ੍ਹਾਂ ਦੇ ਸਰੀਰ ਵਿੱਚੋਂ ਕੱਢ ਕੇ ਬੰਦਾ ਬਹਾਦਰ ਦੇ ਮੂੰਹ ਵਿੱਚ ਤੁੰਨਿਆ ਗਿਆ। ਇਸ ਤੋਂ ਬਾਅਦ ਜਲਾਦ ਨੇ ਆਪਣਾ ਧਿਆਨ ਬੰਦੇ ਵੱਲ ਮੋੜਿਆ। ਉਨ੍ਹਾਂ ਦਾ ਮਾਸ ਨੋਚਿਆ ਗਿਆ। ਇਸ ਦੌਰਾਨ ਪੂਰੀ ਕੋਸ਼ਿਸ਼ ਕੀਤੀ ਗਈ ਕਿ ਉਨ੍ਹਾਂ ਨੂੰ ਜ਼ਿੰਦਾ ਰੱਖਿਆ ਜਾਵੇ। ਆਖ਼ਰ ਕਈ ਤਸੀਹੇ ਦੇਣ ਮਗਰੋਂ ਜਲਾਦ ਨੇ ਬੰਦੇ ਦੇ ਸਿਰ ਨੂੰ ਧੜ ਤੋਂ ਵੱਖ ਕਰ ਦਿੱਤਾ।''ਬੰਦਾ ਬਹਾਦਰ ਦੀ ਮੌਤ ਤੋਂ ਦੋ ਸਾਲ ਬਾਅਦ ਸਈਦ ਭਰਾਵਾਂ ਨੇ ਮਰਾਠਿਆਂ ਦੀ ਮਦਦ ਨਾਲ ਫ਼ੁਰਖ਼ਸ਼ੀਅਰ ਬਾਦਸ਼ਾਹ ਨੂੰ ਗੱਦੀ ਤੋਂ ਲਾਹਿਆ ਅਤੇ ਗ੍ਰਿਫ਼ਤਾਰ ਕਰਕੇ ਉਨ੍ਹਾਂ ਦੀਆਂ ਅੱਖਾਂ ਕੱਢ ਦਿੱਤੀਆਂ। ਇਸ ਤੋਂ ਬਾਅਦ ਮੁਗਲ ਸਾਮਰਾਜ ਦਾ ਪਤਨ ਸ਼ੁਰੂ ਹੋਇਆ। ਨੌਬਤ ਇੱਥੋਂ ਤੱਕ ਆ ਗਈ ਕਿ ਦਿੱਲੀ ਦੇ ਬਾਦਸ਼ਾਹ ਅੰਗਰੇਜ਼ਾਂ ਦੇ ਹੱਥਾਂ ਦੀ ਕਠਪੁਤਲੀ ਬਣ ਕੇ ਰਹਿ ਗਏ ਅਤੇ ਦਿੱਲੀ ਦੇ ਲਾਲ ਕਿਲੇ ਤੋਂ ਕੁਤਬਮੀਨਾਰ ਤੱਕ ਸੀਮਤ ਹੋ ਗਏ। ਸ਼੍ਰੀਨਗਰ ਅਤੇ ਲਾਹੌਰ ਉੱਪਰ ਰਣਜੀਤ ਸਿੰਘ ਦਾ ਕਬਜ਼ਾ ਹੋ ਗਿਆ ਅਤੇ ਦੱਖਣੀ ਭਾਰਤ ਤੋਂ ਲੈ ਕੇ ਪਾਣੀਪੱਤ ਤੱਕ ਦਾ ਵਿਸ਼ਾਲ ਇਲਾਕਾ ਮਰਾਠਿਆਂ ਦੇ ਅਧੀਨ ਆ ਗਿਆ।






# ਨਰਿੰਦਰ ਪੰਨੂ ਦੀ ਪੁਸਤਕ ਦਾ ਲੋਕ ਅਰਪਣ ਕੀਤਾ ਗਿਆ

ਸਰ੍ਹੀ-(ਰੁਪਿੰਦਰ ਖਹਿਰਾ ਰੂਪੀ) ਕੇਂਦਰੀ ਪੰਜਾਬੀ ਲੇਖਕ ਸਭਾ ਉੱਤਰੀ ਅਮਰੀਕਾ ਦੀ ਮਾਸਿਕ ਮਿਲਣੀ 14 ਮਈ,2022 ਬਾਅਦ ਦੁਪਹਿਰ 12:30 ਵਜੇ ਬੰਬੇ ਬੈਕੁੰਟ ਹਾਲ ਸਰ੍ਹੀ ਵਿਖੇ ਹੋਈ। ਜਿਸ ਵਿੱਚ ਲੇਖਕ ਨਰਿੰਦਰ ਪਨੂੰ ਦੇ ਕਹਾਣੀ -ਸਗ੍ਰੰਹਿ "ਮੈਂ ਬਾਂਝ ਨਹੀਂ " ਦਾ ਲੋਕ ਅਰਪਣ੍ਹ ਕੀਤਾ ਗਿਆ।ਪ੍ਰਧਾਨਗੀ ਮੰਡਲ ਵਿੱਚ ਪ੍ਰਧਾਨ -ਪ੍ਰਿਤਪਾਲ ਗਿੱਲ,ਸਕੱਤਰ- ਪਲਵਿੰਦਰ ਸਿੰਘ ਰੰਧਾਵਾ, ਲੇਖਕ ਨਰਿੰਦਰ ਸਿੰਘ ਪੰਨੂ ਅਤੇ ਇੰਦਰਜੀਤ ਕੌਰ ਸਿੱਧੂ ਸ਼ਸ਼ੋਬਿਤ ਹੋਏ।

ਆਰੰਭ ਵਿੱਚ ਸਭਾ ਦੇ ਸਾਬਕਾ ਮੀਤ -ਪ੍ਰਧਾਨ ਮਰਹੂਮ ਮਨਜੀਤ ਮੀਤ ਨੂੰ ਯਾਦ ਕੀਤਾ ਗਿਆ।ਅੱਜ ਦਾ ਸਮਾਗਮ ਮਹਾਨ ਲੇਖਕ ਸ਼ਿਵ ਕੁਮਾਰ ਬਟਾਲਵੀ ਅਤੇ ਮਾਂ ਦਿਵਸ ਨੂੰ ਸਮਰਪਿਤ ਰਿਹਾ।ਉਪਰੰਤ ਪੁਸਤਕ "ਮੈਂ ਬਾਂਝ ਨਹੀਂ" ਬਾਰੇ ਪਹਿਲਾ ਪਰਚਾ ਲੇਖਿਕਾ ਹਰਿੰਦਰ ਕੌਰ ਸੋਹੀ,ਦੂਸਰਾ ਲੇਖਕਾ ਹਰਕੀਰਤ ਕੌਰ ਚਾਹਲ, ਤੀਸਰਾ ਪਰਚਾ ਇੰਦਰਜੀਤ੍ਹ ਕੌਰ ਸਿੱਧੂ ਅਤੇ ਚੌਥਾ ਪਰਚਾ ਦਰਸ਼ਨ ਸੰਘਾ ਵੱਲੋਂ ਪੜ੍ਹਿਆ ਗਿਆ।ਪੁਸਤਕ ਦੇ ਲੇਖਕ ਨਰਿੰਦਰ ਪਨੂੰ ਵੱਲੋਂ ਆਪਣੀ ਸਾਹਿਤਕ ਸਫ਼ਰ ਬਾਰੇ ਜਾਣਕਾਰੀ ਸਾਂਝੀ ਕੀਤੀ ਗਈ ।ਇਸ ਮੌਕੇ ਸਭਾ ਦੇ ਮੈਂਬਰ,ਸਰ੍ਹੀ ਦੇ ਉੱਘੇ ਲੇਖਕ, ਐਮ.ਪੀ ਸੁੱਖ ਧਾਲੀਵਾਲ , ਬੀ.ਸੀ ਸੂਬੇ ਦੇ ਲੇਬਰ ਮਨਿਸਟਰ ਹੈਰੀ ਬੈਂਸ,ਸਾਬਕਾ ਐਮ ਪੀ ਜਸਬੀਰ ਸਿੰਘ,ਸਾਬਕਾ ਮਨਿਸਟਰ ਡਾ: ਗੁਲਜ਼ਾਰ ਸਿੰਘ ਚੀਮਾ ਅਤੇ ਸਥਾਨਕ ਗੁਰਦੁਆਰਿਆਂ ਦੇ ਪ੍ਰਧਾਨਾਂ ਨੇ ਵੀ ਸ਼ਿਰਕਤ ਕੀਤੀ।

ਕਵੀ ਦਰਬਾਰ ਵਿੱਚ ਕਵੀਆਂ ਨੇ ਨਵੇਕਲਾ ਰੰਗ ਬਨ੍ਹਿਆ।ਉਨ੍ਹਾਂ ਦੀ ਸੂਚੀ ਇਸ ਪ੍ਰਕਾਰ ਹੈ:-ਪ੍ਰਿਤਪਾਲ ਗਿੱਲ ,ਰਣਜੀਤ ਸਿੰਘ ਨਿਜੱਰ (ਸ਼ਬਦ), ਪ੍ਰੀਤਪਾਲ ਕੌਰ(ਨਰਿੰਦਰ ਪੰਨੂ ਦੀ ਬੇਟੀ), ਪ੍ਰਿੰਸੀਪਲ ਕਸ਼ਮੀਰਾ ਸਿੰਘ ਗਿੱਲ (ਵਿਚਾਰ), ਡਾਕਟਰ ਪ੍ਰਿਥੀਪਾਲ ਸੋਹੀ (ਕਿਲ੍ਹੇ ਵਰਗਾ ਘਰ), ਲੇਬਰ ਮਨਿਸਟਰ ਹੈਰੀ ਬੈਂਸ, ਇੰਦਰਜੀਤ ਕੌਰ ਸਿੱਧੂ, ਡਾ: ਹਰਿੰਦਰ ਕੌਰ ਸੋਹੀ (ਪਰਚਾ), ਦਰਸ਼ਨ ਸੰਘਾ (ਪਰਚਾ),ਹਰਕੀਰਤ ਕੌਰ ਚਾਹਲ (ਪਰਚਾ) ।ਜਰਨੈਲ ਸਿੰਘ ਭੰਡਾਲ, ਰੇਡੀਓ ਹੋਸਟ ਮਨਜੀਤ ਕੰਗ,ਜਸਬੀਰ, ਜਸਵੰਤ ਸਿੰਘ ਗਿੱਲ (ਗੁਰਦੁਆਰਾ ਪ੍ਰਧਾਨ), ਸੁਰਜੀਤ ਸਿੰਘ ਮਾਧੋਪੁਰੀ ,ਕਸ਼ਮੀਰ ਸਿੰਘ ਧਾਲੀਵਾਲ,ਕਵਿੰਦਰ ਚਾਂਦ (ਗ਼ਜ਼ਲ), ਐਮ .ਪੀ ਸੁੱਖ ਧਾਲੀਵਾਲ, ਇੰਦਰਜੀਤ ਸਿੰਘ ਧਾਮੀ,ਪਲਵਿੰਦਰ ਸਿੰਘ ਰੰਧਾਵਾ,ਹਰਚੰਦ ਸਿੰਘ ਗਿੱਲ,ਹਰਚੰਦ ਸਿੰਘ ਬਾਗੜੀ,ਸੰਤੋਖ ਸਿੰਘ ਮੰਡੇਰ,ਮੀਤ ਬਾਦਸ਼ਾਹਪੁਰੀ,ਸੁੱਖ ਗੋਹਲਵੜ, ਸਤਵੰਤ ਕੌਰ ਪੰਧੇਰ, ਸੁੱਖਵਿੰਦਰ ਸੁੱਖੀ, ਦਵਿੰਦਰ ਕੌਰ ਜੌਹਲ, ਗੁਰਮੇਲ ਬਦੇਸ਼ਾ, ਚਰਨ ਸਿੰਘ, ਖ਼ੁਸ਼ਹਾਲ ਗਲੋਟੀ, ਬਿਕੱਰ ਖੋਸਾ,ਸ਼ਾਹਗੀਰ੍ਹ ਸਿੰਘ ਗਿੱਲ, ਮਾਸਟਰ ਅਮਰੀਕ ਸਿੰਘ ਲੇਲ੍ਹ, ਹਰਪਾਲ ਸਿੰਘ ਬਰਾੜ,ਬਲਬੀਰ੍ਹ ਸਿੰਘ ਸੰਘਾ,ਸਾਬਕਾ ਮਨਿਸਟਰ ਡਾ: ਗੁਲਜ਼ਾਰ ਚੀਮਾ, ਜਸਬੀਰ ਸਿੰਘ ਸਾਬਕਾ ਐਮ. ਪੀ.,ਇੰਦਰਪਾਲ ਸੰਧੂ ,ਸੁਰਿੰਦਰ ਸਿੰਘ ਜਬਲ, ਦੇਵ ਹੰਸ (ਪਿਕਸ), ਮੀਨੂੰ ਬਾਵਾ,ਜਗਤਾਰ ਸਿੰਘ ਧਾਲੀਵਾਲ, ਅਤੇ ਹੋਰ ਪਤਵੰਤੇ ਸੱਜਣ .ਸ਼ਾਮਿਲ ਹੋਏ ।ਅੰਤ ਵਿੱਚ ਪ੍ਰਧਾਨ ਪ੍ਰਿਤਪਾਲ ਗਿੱਲ ਵੱਲੋਂ ਆਪਣੇ ਪ੍ਰਧਾਨਗੀ ਭਾਸ਼ਨ ਨਾਲ ਸਮਾਗਮ ਨੂੰ ਸਮੇਟਿਆ ਗਿਆ।



# ਨਿਤੀਸ਼ ਕੁਮਾਰ ਨੇ ਭਾਜਪਾ ਨੂੰ ਕੀਤਾ ਹਾਸ਼ੀਏ 'ਤੇ

ਪਟਨਾ:ਨਿਤੀਸ਼ ਕੁਮਾਰ ਨੇ ਕਿਹਾ, "ਅਸੀਂ ਸਾਰੀਆਂ ਪਾਰਟੀਆਂ ਨਾਲ ਗੱਲਬਾਤ ਸ਼ੁਰੂ ਕਰ ਦਿੱਤੀ ਹੈ।ਹਰ ਕੋਈ ਇਸ ਵਿੱਚ ਸ਼ਾਮਲ ਨਹੀਂ ਹੈ। ਅਸੀਂ ਉਨ੍ਹਾਂ ਦੇ ਜਵਾਬ ਦੀ ਉਡੀਕ ਕਰ ਰਹੇ ਹਾਂ।ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਛੇਤੀ ਹੀ ਜਾਤੀ ਜਨਗਣਨਾ ਦੇ ਬਾਅਦ ਕੰਮ ਸ਼ੁਰੂ ਕਰੇਗੀ। ਜਾਤੀ ਅਧਾਰਤ ਜਨਗਣਨਾ ਨੂੰ ਲੈ ਕੇ 27 ਮਈ ਨੂੰ ਸਰਬ ਪਾਰਟੀ ਮੀਟਿੰਗ ਹੋਣ ਦੀ ਸੰਭਾਵਨਾ ਹੈ। ਅਸੀਂ ਇਸ ਦੇ ਆਯੋਜਨ ਬਾਰੇ ਕੁਝ ਪਾਰਟੀਆਂ ਨਾਲ ਗੱਲ ਕੀਤੀ ਹੈ, ਪਰ ਫਿਲਹਾਲ ਕੁਝ ਪਾਰਟੀਆਂ ਦੇ ਜਵਾਬ ਦੀ ਉਡੀਕ ਹੈ। ਅੰਤਿਮ ਫੈਸਲਾ ਹੋਣ ਤੋਂ ਬਾਅਦ ਪ੍ਰਸਤਾਵ ਕੈਬਨਿਟ ਕੋਲ ਜਾਵੇਗਾ, ਫਿਰ ਅਸੀਂ ਕੰਮ ਸ਼ੁਰੂ ਕਰਾਂਗੇ। "ਵਰਨਣ ਯੋਗ ਹੈ ਕਿ ਜਾਤੀ ਜਨ ਗਣਨਾ ਨੂੰ ਲੈ ਕੇ ਨਤੀਸ਼ ਤੇ ਭਾਜਪਾ ਵਿਚਕਾਰ ਮਤ ਭੇਦ ਹਨ।












# ਚੀਨ ਨੇ ਭਾਰਤੀ ਇਲਾਕੇ ਵਿੱਚ ਬਣਾਇਆ ਪੁ.ਲ

ਪਿਸ਼ਾਬ ਦੀ ਹਾਜਤ ਵਾਰ-ਵਾਰ ਹੋਣ ਦੇ ਪਿੱਛੇ ਕਈ ਕਾਰਣ ਹੋ ਸਕਦੇ ਹਨ ਅਤੇ ਹਮੇਸ਼ਾ ਮਸਾਨੇ ਦੀ ਚਓਪਓਚਟਿ ਨੂੰ ਹੀ ਦੋਸ਼ ਦੇਣਾ ਯੋਗ ਨਹੀਂ ਹੋਵੇਗਾ। ਇੱਕ ਤੰਦਰੁਸਤ ਇਨਸਾਨ ਦੇ ਬਲਓਦਦਏਰ ਦੀ ਪਿਸ਼ਾਬ ਨੂੰ ਜਮ੍ਹਾਂ ਕਰਨ ਦੀ ਸਮਰਥਾ ਕੁਦਰਤੀ ਤੌਰ 'ਤੇ ਉਸ ਦੇ ਤਰਲ ਪਦਾਰਥ ਦੇ ਸੇਵਨ ਅਨੁਸਾਰ ਸਹੀ ਹੁੰਦੀ ਹੈ। ਵਾਰ-ਵਾਰ ਪਿਸ਼ਾਬ ਦੀ ਹਾਜਤ ਹੋਣ ਪਿੱਛੇ ਕਈ ਕਾਰਨ ਹੋ ਸਕਦੇ ਹਨ, ਜਿਵੇਂ ਕਿ:

- ਮਸਾਨੇ ਦੇ ਕਮਜ਼ੋਰ ਪੱਠੇ
- ਦਵਾਈਆਂ ਦੇ ਮਾੜੇ ਪ੍ਰਭਾਵ
- ਇਨਫ਼ੈਕਸ਼ਨ
- ਤੰਤੂਆਂ ਦਾ ਨੁਕਸਾਨੇ ਜਾਣਾ
- ਵਧਿਆ ਹੋਇਆ ਗਦੂਦ

ਰਾਤ ਵੇਲੇ ਇੱਕ ਵਾਰੀ ਪਿਸ਼ਾਬ ਕਰਨ ਲਈ ਉੱਠਣਾ OAB ਦਾ ਸੂਚਕ ਨਹੀਂ ਹੈ। ਪਰ, ਰਾਤ ਨੂੰ ਬਾਕਾਇਦਾ ਦੋ ਜਾਂ ਇਸ ਤੋਂ ਵੱਧ ਵਾਰੀ ਪਿਸ਼ਾਬ ਕਰਨ ਲਈ ਜਾਣ ਦੀ ਲੋੜ ਪੈਣ 'ਤੇ ਆਪਣੇ ਡਾਕਟਰ ਨਾਲ ਗੱਲ ਕਰਨੀ ਜ਼ਰੂਰੀ ਹੈ। ਮਸਾਨੇ ਸੰਬੰਧੀ ਰੋਗ ਉਮਰ ਦੇ ਵੱਖ-ਵੱਖ ਪੜਾਵਾਂ 'ਤੇ ਮਰਦਾਂ ਅਤੇ ਔਰਤਾਂ, ਦੋਵਾਂ ਵਿੱਚ ਹੋ ਸਕਦੇ ਹਨ। ਵਧੇ ਹੋਏ ਗਦੂਦ ਜਾਂ ਗਦੂਦ ਸੰਬੰਧੀ ਸਮੱਸਿਆਵਾਂ ਦੇ ਚਲਦਿਆਂ ਮਰਦਾਂ ਨੂੰ ਪਿਸ਼ਾਬ ਕਰਨ ਦੀ ਵਾਰ-ਵਾਰ ਹਾਜਤ ਹੋਣ ਦੀ ਸਮੱਸਿਆ ਦਾ ਸਾਹਮਣਾ ਕਰਨਾ ਪੈਂਦਾ ਹੈ। ਪਿਸ਼ਾਬ ਤੁਪਕਾ-ਤੁਪਕਾ ਕਰ ਕੇ ਅਤੇ ਜਲਣ ਨਾਲ ਆਉਂਦਾ ਹੈ। ਕਈ ਵਾਰੀ ਪਿਸ਼ਾਬ ਰੁਕ-ਰੁਕ ਕੇ ਆਉਂਦਾ ਹੈ ਅਤੇ ਕਈ ਪੀੜਤਾਂ ਨੂੰ ਖਲੋ ਕੇ ਪਿਸ਼ਾਬ ਕਰਨਾ ਔਖਾ ਅਤੇ ਬੈਠ ਕੇ ਪਿਸ਼ਾਬ ਕਰਨਾ ਸੌਖਾ ਲੱਗਦਾ ਹੈ। ਪਿਸ਼ਾਬ ਦੀ ਧਾਰ ਪਤਲੀ ਹੋਣ ਦੇ ਨਾਲ-ਨਾਲ ਪਿਸ਼ਾਬ ਦੇ ਵੇਗ ਅਤੇ ਦਬਾਓ ਉੱਤੇ ਵੀ ਪ੍ਰਭਾਵ ਪੈਂਦਾ ਹੈ। ਪਿਸ਼ਾਬ ਦੀ ਧਾਰ ਫ਼ੁਆਰੇ ਵਾਂਗੂੰ ਜਾਂ ਦੋ-ਧਾਰੀ ਹੋ ਜਾਂਦੀ ਹੈ। ਪਿਸ਼ਾਬ ਦੀ ਧਾਰ ਅੱਗੇ ਪੈਣ ਦੀ ਬਜਾਏ ਸਿੱਧੀ ਪੈਰਾਂ ਵਿੱਚ ਡਿੱਗਦੀ ਹੈ। ਵਾਰ-ਵਾਰ ਗਰਭ ਧਾਰਨ ਕਰਨ ਵਾਲੀਆਂ ਔਰਤਾਂ ਵਿੱਚ ਮਸਾਨਾ ਆਪਣੀ ਥਾਂ ਤੋਂ ਹਟਣ ਕਾਰਨ ਥੱਲੇ ਨੂੰ ਆਉਣ ਕਰਕੇ ਜਣਨ ਅੰਗਾਂ ਉੱਤੇ ਭਾਰ ਪਾਉਣ ਦਾ ਅਹਿਸਾਸ ਹੁੰਦਾ ਹੈ ਅਤੇ ਵਾਰ-ਵਾਰ ਪਿਸ਼ਾਬ ਦੀ ਹਾਜਤ ਹੁੰਦੀ ਹੈ।

ਕਈ ਔਰਤਾਂ ਨੂੰ ਪਿਸ਼ਾਬ ਰੋਕਣਾ ਇੰਨਾ ਔਖਾ ਹੋ ਜਾਂਦਾ ਹੈ ਕਿ ਖੰਘਣ, ਛਿੱਕ ਮਾਰਨ ਜਾਂ ਜ਼ੋਰ ਕੇ ਹੱਸਣ ਨਾਲ ਵੀ ਉਨ੍ਹਾਂ ਦੇ ਪਿਸ਼ਾਬ ਦੇ ਕੁਝ ਤੁਪਕੇ ਨਿਕਲ ਜਾਂਦੇ ਹਨ। ਮਸਾਨੇ ਦੀਆਂ ਮਾਸਪੇਸ਼ੀਆਂ ਕਮਜ਼ੋਰ ਪੈ ਜਾਣ ਨਾਲ ਇਸ ਤਰ੍ਹਾਂ ਹੋ ਸਕਦਾ ਹੈ। ਪਿਸ਼ਾਬ ਦੀ ਹਾਜਤ ਹੋਣ 'ਤੇ ਕਈ ਵਾਰੀ ਟੌਇਲੈਟ ਤਕ ਪਹੁੰਚਣਾ ਵੀ ਔਖਾ ਹੋ ਜਾਂਦਾ ਹੈ ਅਤੇ ਪਿਸ਼ਾਬ ਰੋਕਣਾ ਮੁਸ਼ਕਲ ਹੋ ਜਾਂਦਾ ਹੈ। ਹੋਮਿਓਪੈਥਿਕ ਇਲਾਜ ਪ੍ਰਣਾਲੀ ਰਾਹੀਂ ਇਨ੍ਹਾਂ ਵਿਗਾੜਾਂ ਨੂੰ ਸਹੀ ਕਰਨ ਵਾਸਤੇ ਢੁਕਵੀਆਂ ਦਵਾਈਆਂ ਉਪਲਬਧ ਹਨ। ਮਰਦਾਂ ਦੇ ਕੇਸ ਵਿੱਚ ਗਦੂਦ ਦੀ ਸਿਹਤ ਦਾ ਮੁਲਾਂਕਣ ਕਰਨਾ ਵੀ ਇਸ ਸਮੱਸਿਆ ਦੀ ਢੁਕਵੀਂ ਦਵਾਈ ਲੱਭਣ ਵਾਸਤੇ ਜ਼ਰੂਰੀ ਹੁੰਦਾ ਹੈ ਅਤੇ ਇਸੇ ਤਰ੍ਹਾਂ ਹੀ ਔਰਤਾਂ ਦੇ ਕੇਸ ਵਿੱਚ ਜੇ ਯੂ.ਟੀ. ਆਈ. ਦੀ ਹਿਸਟ੍ਰੀ ਵੀ ਹੋਵੇ ਤਾਂ ਉਸ ਨੂੰ ਵੀ ਮੱਦੇ-ਨਜ਼ਰ ਰੱਖਣਾ ਜ਼ਰੂਰੀ ਹੁੰਦਾ ਹੈ।

ਰਾਤ ਨੂੰ ਪਿਸ਼ਾਬ ਦੀ ਹਾਜਤ ਘਟਾਉਣ ਸੰਬੰਧੀ ਕੁਝ ਸੁਝਾਅ:


1. ਸੌਣ ਤੋਂ ਇੱਕਦਮ ਪਹਿਲਾਂ ਤਰਲ ਪਦਾਰਥ ਦਾ ਸੇਵਨ ਨਾ ਕਰੋ। ਜੇ ਕੋਈ ਤਰਲ ਪਦਾਰਥ ਲੈਣਾ ਹੋਵੇ ਤਾਂ ਸੌਣ ਤੋਂ ਘੱਟੋ-ਘੱਟ 2 ਘੰਟੇ ਪਹਿਲਾਂ ਲਓ।
2. ਕੈਫ਼ੀਨ ਕਾਰਨ ਵੱਧ ਪਿਸ਼ਾਬ ਪੈਦਾ ਹੁੰਦਾ ਹੈ, ਇਸ ਲਈ ਕੈਫ਼ੀਨ ਦਾ ਸੇਵਨ ਘਟਾਓ।
3. ਸ਼ਰਾਬ ਉੱਤੇ ਕਾਬੂ ਰੱਖੋ।
4. ਸਿਟ੍ਰਸ ਜੂਸ (ਜਿਵੇਂ ਸੰਤਰੇ, ਮੁਸੰਮੀ ਅਤੇ ਅਨਾਨਾਸ ਦਾ ਜੂਸ) ਘੱਟ ਪੀਓ
5. ਕ੍ਰੈਨਬੈਰੀ ਜੂਸ ਭਾਵੇਂ ਮਸਾਨੇ ਦੀ ਸਿਹਤ ਲਈ ਚੰਗਾ ਸਮਝਿਆ ਜਾਂਦਾ ਹੈ, ਪਰ ਓਵਰਐਕਟਿਵ ਬਲੈਡਰ ਦੇ ਮਰੀਜ਼ ਨੂੰ ਇਹ ਤੰਗ ਸਕਦਾ ਹੈ।
6. ਟਮਾਟਰ ਅਤੇ ਟਮਾਟਰਾਂ ਦੀ ਚਟਣੀ ਘੱਟ ਖਾਓ।
7. ਮਸਾਲੇਦਾਰ ਖਾਣੇ ਤੋਂ ਪਰਹੇਜ਼ ਕਰੋ।
8. ਚਾਕਲੇਟ ਤੋਂ ਪਰਹੇਜ਼ ਕਰੋ।
9. ਗ਼ੈਰ-ਕੁਰਦਤੀ ਮਿਠੇ ਪਦਾਰਥਾਂ ਵਾਲੇ ਭੋਜਨ/ਤਰਲ ਪਦਾਰਥ ਨਾ ਖਾਓ/ਪੀਓ।
10. ਸੌਣ ਤੋਂ ਪਿਸ਼ਾਬ ਕਰੋ।
11. ਮਸਾਨੇ ਦੇ ਪੱਠਿਆਂ ਨੂੰ ਮਜ਼ਬੂਤ ਕਰਨ ਲਈ "ਕੀਗਲ" ਵਰਜਿਸ਼ ਕਰੋ।
12. ਸਰੀਰਕ ਲੱਛਣਾਂ ਦਾ ਤਾਲਮੇਲ ਕਰਨ ਉਪਰੰਤ ਹੋਮਿਓਪੈਥੀ ਦੀਆਂ ਕੁਝ ਦਵਾਈਆਂ ਜਿਵੇਂ ਕਿ ਕਾਸਟੀਕਮ, ਪਲਸਾਟਿਲਾ, ਸੀਪੀਆ, ਜੈਲਸੇਮੀਅਮ, ਨਕਸਵਾਮਿਕਾ ਅਤੇ ਸਟੈਫ਼ਿਸੇਗੇਰੀਆ ਵਿੱਚੋਂ ਢੁਕਵੀਂ ਦਵਾਈ ਦੀ ਚੋਣ ਕੀਤੀ ਜਾਂਦੀ ਹੈ। ਸਹੀ ਦਵਾਈ ਦੀ ਚੋਣ ਲਈ ਪੀੜਤ ਵਿਅਕਤੀ ਦੀ ਮਾਨਸਕ ਸਥਿਤੀ, ਸੁਭਾਅ, ਕੰਮ ਦੀ ਕਿਸਮ ਅਤੇ ਜੀਵਨ ਸ਼ੈਲੀ ਆਦਿ ਜਿਹੇ ਕਾਰਕਾਂ ਨੂੰ ਘੋਖਿਆ ਜਾਂਦਾ ਹੈ। ਇੱਥੇ ਇਹ ਧਿਆਨ ਦੇਣ ਯੋਗ ਹੈ ਕਿ ਹੋਮਿਓਪੈਥੀ ਦੀ ਦਵਾਈ ਆਪਣੇ ਪੱਧਰ 'ਤੇ ਨਹੀਂ ਲੈਣੀ ਚਾਹੀਦੀ ਕਿਉਂਕਿ ਬਿਮਾਰੀ ਨੂੰ ਸਮੁੱਚੇ ਰੂਪ ਵਿੱਚ ਸਮਝ ਕੇ ਹੀ ਇੱਕ ਪੇਸ਼ੇਵਰ ਹੋਮਿਓਪੈਥ ਢੁਕਵੀਂ ਦਵਾਈ ਦੀ ਚੋਣ ਕਰਨ ਦੀ ਸਮਰਥਾ ਰੱਖਦਾ ਹੈ।





**ਡਾ. ਸ਼ਵੇਤਾ**
MBBS, MD & DHMS (ONT.)
Abbotsford
(604) 304-2236

**ਡਾ. ਆਰ.ਐੱਸ. ਸੈਣੀ**
**(ਹੋਮਿਓਪੈਥ)**
Surrey
(604) 502-9579


**SUPER SANDHU**

**ਕਲਾਸ 4 ਡਰਾਈਵਰਾਂ ਦੀ ਲੋੜ**

ਸਾਨੂੰ ਐਬਟਸਫੋਰਡ ਅਤੇ ਸਰੀਂ ਤੋਂ ਬੇਰੀ ਪਿੱਕਰਾਂ, ਕੈਨਰੀ, ਨਰਸਰੀ ਗਰੇਡਿੰਗ ਲਾਇਨ ਅਤੇ ਗਰੀਨ ਹਾਊਸ ਦੇ ਕੰਮ ਕਰਨ ਲਈ ਵਰਕਰਾਂ ਦੀ ਲੋੜ ਹੈ।

ਸਾਡੇ ਨਾਲ ਅੱਜ ਹੀ ਸੰਪਰਕ ਕਰੋ

Gary Varing: 604-807-3910 | Charlie Sandhu: 604-864-7711






ਵੈਨਕੂਵਰ ਦਾ ਸਭ ਤੋਂ ਪਹਿਲਾ ਪੰਜਾਬੀਆਂ ਦਾ ਜਿਊਲਰੀ ਸਟੋਰ

**ਹਾਈ ਕਲਾਸ ਜਿਊਲਰ**

ਜਲੰਧਰ ਵਾਲੇ

☆ CUSTOM MADE DIAMOND JEWELLERY OF:
☆ 10K, 14K,
☆ WHITE GOLD &
☆ PLATINUM.

Repairing, Polishing & Appraisals

Step-in and see our exclusive collections of Singapore, India, Pakistan and Custom-made 22K Jewellery

OFFICIAL AGENTS OF RADO WATCHES

ਗਹਿਣਿਆਂ ਦੀ ਦੁਨੀਆਂ ਵਿੱਚ ਮਸ਼ਹੂਰ ਨਾਮ ਜਿੱਥੋਂ ਤੁਸੀਂ ਮਨਪਸੰਦ ਜਿਊਲਰੀ ਖਰੀਦ ਸਕਦੇ ਹੋ

6570 - Main St., (Between 49th & 50th) Vancouver BC

Ph: 604-327-3132

FAX: 604-327-0335




7050 120 Street, Surrey, British Columbia V3W 3M8, Tel: (604) 598-1300 Fax (604) 594-1669

# ਇਸ ਹਫਤੇ ਦੇ ਪ੍ਰੋਗਰਾਮ

**27 ਮਈ ਦਿਨ ਸ਼ੁੱਕਰਵਾਰ**

*ਸਵੇਰੇ 10 ਵਜੇ ਆਰੰਭ 2 ਸ੍ਰੀ ਅਖੰਡ ਪਾਠ ਸਾਹਿਬ
1. ਸਤਨਾਮ ਸਿੰਘ ਦਿਆਲ ਪਰਿਵਾਰ ਵੱਲੋਂ
2. ਸ਼ਿੰਗਾਰਾ ਸਿੰਘ ਗਿੱਲ ਅਤੇ ਪਰਿਵਾਰ ਵੱਲੋਂ

**28 ਮਈ ਦਿਨ ਸ਼ਨਿਚਰਵਾਰ**

*ਸਵੇਰੇ 10 ਵਜੇ ਪਾਠ ਸ੍ਰੀ ਸੁਖਮਨੀ ਸਾਹਿਬ, ਕੀਰਤਨ ਅਤੇ ਲੰਗਰ ਦੀ ਸੇਵਾ ਸਰਬਜੀਤ ਕੌਰ ਅਤੇ ਪਰਿਵਾਰ ਵੱਲੋਂ
*12 ਵਜੇ ਪਾਠ ਸ੍ਰੀ ਸੁਖਮਨੀ ਸਾਹਿਬ ਅਤੇ ਲੰਗਰਾਂ ਦੀ ਸੇਵਾ ਅਮਰਿੰਦਰ ਸਿੰਘ ਅਤੇ ਪਰਿਵਾਰ ਵੱਲੋਂ
*ਫਿਊਨਰਲ ਸਰਦਾਰ ਅਮਰਜੀਤ ਸਿੰਘ ਸਰਾਂ ਸਵੇਰੇ 10 ਵਜੇ ਰਿਵਰਸਾਈਡ ਵਿਖੇ ਹੋਵੇਗਾ 11.30 ਵਜੇ ਗੁਰਦੁਆਰਾ ਸਾਹਿਬ ਵਿਖੇ ਸ੍ਰੀ ਸਹਿਜ ਪਾਠ ਦੇ ਭੋਗ ਪੈਣਗੇ ਅਤੇ ਅੰਤਿਮ ਅਰਦਾਸ ਹੋਵੇਗੀ
ਸ਼ਾਮ ਦੇ ਲੰਗਰਾਂ ਦੀ ਸੇਵਾ
*ਸ਼ਾਮ 5 ਵਜੇ ਸ਼ਾਮ ਪਾਠ ਸ੍ਰੀ ਸੁਖਮਨੀ ਸਾਹਿਬ ਕੀਰਤਨ ਅਤੇ ਲੰਗਰਾਂ ਦੀ ਸੇਵਾ ਦਿਲਬਾਗ ਸਿੰਘ ਸਿੱਧੂ ਅਤੇ ਪਰਿਵਾਰ ਵੱਲੋਂ।
*ਸ਼ਾਮ 6.30 ਵਜੇ ਪਾਠ ਸ੍ਰੀ ਸੁਖਮਨੀ ਸਾਹਿਬ ਕੀਰਤਨ ਅਤੇ ਲੰਗਰਾਂ ਦੀ ਸੇਵਾ ਰਤਨ ਸਿੰਘ ਢੀਂਗਰਾ ਅਤੇ ਪਰਿਵਾਰ ਵੱਲੋਂ

**29 ਮਈ ਦਿਨ ਐਤਵਾਰ**

*ਸਵੇਰੇ 8.30 ਵਜੇ .ਭੋਗ 2 ਸ੍ਰੀ ਅਖੰਡਪਾਠ ਸਾਹਿਬ।
*12 ਵਜੇ ਪਾਠ ਸ੍ਰੀ ਸੁਖਮਨੀ ਸਾਹਿਬ ਕੀਰਤਨ ਅਤੇ ਲੰਗਰ ਸੇਵਾ ਜੀਵਨ ਸਿੰਘ ਸੰਧੂ ਅਤੇ ਪਰਿਵਾਰ ਵੱਲੋਂ
*ਸ਼ਾਮ 3 ਵਜੇ ਸ਼ਾਮ ਪਾਠ ਸ੍ਰੀ ਸੁਖਮਨੀ ਸਾਹਿਬ ਕੀਰਤਨ ਤੇ ਲੰਗਰਾਂ ਦੀ ਸੇਵਾ ਹਰਭਜਨ ਸਿੰਘ ਅਤੇ ਪਰਿਵਾਰ ਵੱਲੋਂ
*ਸ਼ਾਮ 5 ਵਜੇ ਪਾਠ ਸ੍ਰੀ ਸੁਖਮਨੀ ਸਾਹਿਬ ਕੀਰਤਨ ਤੇ ਲੰਗਰ ਦੀ ਸੇਵਾ ਹਰਜਸ ਸਿੰਘ ਅਤੇ ਪਰਿਵਾਰ ਵੱਲੋਂ
*ਸ਼ਾਮ 5 ਵਜੇ ਪਰਮਿੰਦਰ ਸਿੰਘ ਸੰਧੂ ਅਤੇ ਇੰਦਰਪ੍ਰੀਤ ਸਿੰਘ ਕੌਰ ਸੰਧੂ ਵੱਲੋਂ ਕਾਕਾ ਪੁਨੀਤ ਸਿੰਘ ਸੰਧੂ ਦੇ ਵਿਆਹ ਦੀ ਖੁਸ਼ੀ ਵਿਚ ਕੀਰਤਨ ਅਤੇ ਲੰਗਰਾਂ ਦੀ ਸੇਵਾ।

**30 ਮਈ ਦਿਨ ਸੋਮਵਾਰ**

*ਸਵੇਰੇ 10.30 ਵਜੇ ਪਾਠ ਸ੍ਰੀ ਸੁਖਮਨੀ ਸਾਹਿਬ ਅਤੇ ਕੀਰਤਨ ਦੀ ਸੇਵਾ ਹਰਮਿੰਦਰਜੀਤ ਸਿੰਘ ਅਤੇ ਪਰਿਵਾਰ ਵੱਲੋਂ

**29 ਮਈ ਦਿਨ ਐਤਵਾਰ ਦੇ ਸਾਰੇ ਦਿਨ ਦੇ ਦੀਵਾਨ ਮੌਜੂਦਾ ਸੰਘਰਸ਼ ਦੇ ਸਮੂਹ ਸ਼ਹੀਦਾਂ ਦੀ ਯਾਦ ਵਿਚ ਹੋਣਗੇ।ਭਾਈ ਸੁਖਪਾਲ ਸਿੰਘ, ਭਾਈ ਜਰਨੈਲ ਸਿੰਘ ਹਲਵਾਰਾ, ਭਾਈ ਮਥਰਾ ਸਿੰਘ ਚੌੜਾ ਮਧਰਾ, ਭਾਈ ਸੁਰਜੀਤ ਸਿੰਘ ਪੈਂਟਾ, ਬਸ਼ੀਰ ਮੁਹੰਮਦ ਉਰਫ਼ ਭਾਈ ਲਛਮਣ ਸਿੰਘ, ਬਲਕਾਰ ਸਿੰਘ ਥਾਂਦੇ, ਭਾਈ ਅਵਤਾਰ ਸਿੰਘ ਤਾਰੀ ਵਿਸ਼ਰਾਮਪੁਰ**

## ਸ਼ਹੀਦਾਂ ਦੇ ਸਰਤਾਜ

**ਧੰਨ ਧੰਨ ਸਾਹਿਬ ਸ੍ਰੀ ਗੁਰੂ ਅਰਜੁਨ ਦੇਵ ਜੀ ਦੇ ਸ਼ਹੀਦੀ ਪੁਰਬ ਅਤੇ**

**ਜੂਨ 1984 ਵਿਚ ਭਾਰਤੀ ਸਰਕਾਰ ਵੱਲੋਂ ਕੀਤੇ ਗਏ ਤੀਜੇ ਘੱਲੂਘਾਰੇ ਦੇ ਸਮੂਹ ਸ਼ਹੀਦਾਂ ਦੀ ਯਾਦ**

ਨੂੰ ਸਮਰਪਿਤ

## ਸ੍ਰੀ ਅਖੰਡ ਪਾਠ ਸਾਹਿਬ

**3 ਜੂਨ ਸ਼ੁੱਕਰਵਾਰ ਸਵੇਰੇ 10:00 ਵਜੇ**

**ਆਰੰਭ ਹੋਣਗੇ ਜਿਸ ਦੇ ਭੋਗ 5 ਜੂਨ ਐਤਵਾਰ ਸਵੇਰੇ 8:30 ਵਜੇ ਪੈਣਗੇ ਉਪਰੰਤ ਸਾਰੇ ਦਿਨ ਦੇ ਵਿਸ਼ੇਸ਼ ਦੀਵਾਨ ਸੱਜਣਗੇ।**

**ਜਿਨਾ ਪਰਿਵਾਰਾਂ ਨੇ ਸੇਵਾ ਲੈਣੀ ਹੋਵੇ ਉਹ ਦਫਤਰ ਵਿਚ ਸੰਪਰਕ ਕਰੋ ਜੀ**

ਸੁਚਨਾ:ਹਰੇਕ ਸੰਗਰਾਂਦ ਨੂੰ ਸਮੂਹ ਸ਼ਹੀਦਾਂ ਦੀ ਯਾਦ ਵਿਚ ਸਹਿਜਪਾਠ ਦੇ ਭੋਗ ਪਾਏ ਜਾਣਗੇ ਅਤੇ ਜੇਲ੍ਹਾਂ ਵਿਚ ਬੰਦ ਸਿੱਖਾਂ ਦੀ ਰਿਹਾਈ ਲਈ ਅਰਦਾਸ ਕੀਤੀ ਜਾਵੇਗੀ।

ਗੁਰਦੁਆਰਾ ਸਾਹਿਬ ਵੱਲੋਂ ਚੱਲ ਰਹੇ ਗੁਰਮਤਿ ਸਕੂਲ ਵਿਚ ਕਲਾਸਾਂ ਚੱਲ ਰਹੀਆਂ ਹਨ। ਵਧੇਰੇ ਜਾਣਕਾਰੀ ਅਤੇ ਬੱਚਿਆਂ ਨੂੰ ਰਜਿਸਟਰ ਕਰਵਾਉਣ ਲਈ ਦਫਤਰ ਵਿਚ ਸੰਪਰਕ ਕਰੋ ਜੀ
*ਕੀਰਤਨ, ਤਬਲਾ ਤੇ ਤੰਤੀ ਸਾਜ ਕਲਾਸਾਂ *ਸੰਥਿਆ ਕਲਾਸਾਂ
*ਗਤਕਾ ਅਤੇ ਦੁਮਾਲਾ ਸਿਖਲਾਈ ਕਲਾਸਾਂ *ਪੰਜਾਬੀ ਕਲਾਸਾਂ

ਨੋਟ: ਫਰੇਜਰ ਹੈਲਥ ਦੀ ਹਦਾਇਤ ਅਨੁਸਾਰ ਗੁਰਦੁਆਰਾ ਸਾਹਿਬ ਆਉਣ ਸਮੇਂ ਮਾਸਕ ਪਹਿਨਣਾ ਜਰੂਰੀ ਹੈ

## ਰਾਗੀ ਜੱਥੇ

ਭਾਈ ਵਿਕਰਮਜੀਤ ਸਿੰਘ ਜੀ ਹਜ਼ੂਰੀ ਰਾਗੀ
(ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ)
ਭਾਈ ਬਲਜਿੰਦਰ ਸਿੰਘ ਬੰਬੇ ਵਾਲੇ
ਭਾਈ ਮਨਪ੍ਰੀਤ ਸਿੰਘ ਬਾਬਾ ਬਕਾਲਾ ਸਾਹਿਬ

## ਕਥਾਵਾਚਕ

ਭਾਈ ਦਰਸ਼ਨ ਸਿੰਘ ਜੀ ਦਮਦਮੀ ਟਕਸਾਲ ਵਾਲੇ

## ਢਾਡੀ ਜਥਾ

ਗਿਆਨੀ ਮਨਦੀਪ ਸਿੰਘ ਪੋਹੀੜ

# ਹਸਗੁੱਲੇ



ਸੰਤਾ ਚੋਣਾਂ ਵਿੱਚ ਖੜ੍ਹਾ ਸੀ, ਉਸ ਨੂੰ ਸਿਰਫ਼ ਤਿੰਨ ਵੋਟਾਂ ਮਿਲੀਆਂ।

ਉਸਨੇ ਪੁਲੀਸ ਤੋਂ ਜ਼ੈੱਡ ਪਲੱਸ ਸੁਰੱਖਿਆ ਦੀ ਮੰਗ ਕੀਤੀ।

ਪੁਲਿਸ: ਤੁਹਾਨੂੰ ਸੁਰੱਖਿਆ ਦੀ ਲੋੜ ਕਿਉਂ ਹੈ?

ਸੰਤਾ: ਜਿਸ ਸ਼ਹਿਰ ਵਿੱਚ ਐਨੇ ਲੋਕ ਮੇਰੇ ਵਿਰੁੱਧ ਹਨ, ਤਾਂ ਮੈਨੂੰ ਸੁਰੱਖਿਆ ਮਿਲਣੀ ਚਾਹੀਦੀ ਹੈ।

**************************



ਦਾਦੀ ਅਤੇ ਪੋਤਾ ਇੱਕ ਦੂਜੇ ਨਾਲ ਗੱਲਾਂ ਕਰਦੇ ਹੋਏ...

ਦਾਦੀ: ਲੱਗਦਾ ਹੈ ਕਿ ਉਹ ਕੁੜੀ ਅਧਰੰਗ ਹੋਗਿਆ।

ਦੇਖੋ ਕਿਵੇਂ ਉਸਦਾ ਇੱਕ ਹੱਥ ਉੱਪਰ ਉੱਠ ਰਿਹਾ ਹੈ ਅਤੇ ਉਸਦਾ ਮੂੰਹ ਵਿਗੜਦਾ ਜਾ ਰਿਹਾ ਹੈ।

ਪੋਤਾ: ਦਾਦੀ ਅਧਰੰਗ ਨਹੀਂ, ਸੈਲਫੀ ਲੈ ਰਹੀ ਹੈ...!!

**************

ਪੱਪੂ ਇਮਤਿਹਾਨ ਹਾਲ ਵਿੱਚ ਚੁੱਪਚਾਪ ਬੈਠਾ ਸੀ।

ਅਧਿਆਪਕ : ਤੁਸੀਂ ਕੁਝ ਕਿਉਂ ਨਹੀਂ ਲਿਖ ਰਹੇ?

ਬੰਟੂ: ਕੁਝ ਨਹੀਂ ਆ ਰਿਹਾ।

ਟੀਚਰ: ਓਏ ਕੁਝ ਤਾਂ ਜ਼ਰੂਰ ਆ ਰਿਹਾ ਹੋਵੇਗਾ।

ਬੰਟੂ: ਹਾਂ।

ਅਧਿਆਪਕ: ਕੀ?

ਬੰਟੂ : ਰੋਣਾਂ !!!

**************



ਜੱਜ ਨੇ ਇੱਕ 80 ਸਾਲ ਦੀ ਔਰਤ ਨੂੰ ਪੁੱਛਿਆ: ਤੁਸੀਂ ਇਸ ਉਮਰ ਵਿੱਚ ਤਲਾਕ ਕਿਉਂ ਲੈਣਾ ਚਾਹੁੰਦੇ ਹੋ?

ਔਰਤ: ਜੱਜ ਸਾਹਿਬ, ਮੇਰਾ ਪਤੀ ਮੈਨੂੰ ਮਾਨਸਿਕ ਤੌਰ 'ਤੇ ਤਸੀਹੇ ਦੇ ਰਿਹਾ ਹੈ।

ਜੱਜ: ਕਿਵੇਂ?

ਔਰਤ: ਮੇਰਾ ਪਤੀ ਜਦੋਂ ਚਾਹਵੇ ਖਰੀ ਖੋਟੀ ਸੁਣਾਂ ਦਿੰਦਾ ਹੈ!

ਅਤੇ ਜਦੋਂ ਮੈਂ ਬੋਲਣਾ ਸ਼ੁਰੂ ਕਰਦੀ ਹਾਂ, ਮੈਂ ਆਪਣੇ ਕੰਨਾ ਵਾਲੀ ਮਸ਼ੀਨ ਕੱਢ ਦਿੰਦਾ ਹੈ!!!

**************

ਪਾਪਾ ਨਾਸ਼ਤਾ ਕਰ ਰਹੇ ਸਨ ਕਿ ਅਚਾਨਕ ਫ਼ੋਨ ਦੀ ਘੰਟੀ ਵੱਜੀ...

ਪਾਪਾ : ਜੇ ਮੇਰੇ ਦਫਤਰ ਤੋਂ ਹੋਵੇਗਾ ਤਾਂ ਦੱਸ ਦਿਓ ਮੈਂ ਘਰ ਨਹੀਂ ਹਾਂ।

ਧੀ (ਫੋਨ ਚੁੱਕਦੀ ਹੋਈ): ਪਾਪਾ ਘਰ ਹੀ ਹਨ।

ਪਾਪਾ: ਓ ਕਮਲੀਏ ਮੈਂ ਤੁਹਾਨੂੰ ਇਨਕਾਰ ਕਰਨ ਲਈ ਕਿਹਾ ਸੀ।

ਧੀ : ਪਾਪਾ ਇਹ ਫ਼ੋਨ ਮੇਰੇ ਲਈ ਸੀ।

**************

ਪਤੀ ਅਚਾਨਕ ਪਤਨੀ ਨੂੰ ਗਾਲ਼ਾ ਕੱਢਣ ਲੱਗ ਪਿਆ!

ਲੋਕਾਂ ਨੇ ਪੁੱਛਿਆ ਕੀ ਹੋਇਆ ਭਾਈ?ਪਤੀ ਨੇ ਕਿਹਾ: ਉਸਨੇ ਮੇਰੀ ਚਾਹ ਵਿੱਚ ਤਾਵੀਜ਼ ਪਾ ਦਿੱਤਾ ਹੈ, ਮੈਨੂੰ ਕਾਬੂ ਕਰਨ ਲਈ। ਮੈਨੂੰ ਮੇਰੀ ਮਾਂ ਤੋਂ ਦੂਰ ਕਰਨਾ ਚਾਹੁੰਦੀ ਹੈ।

ਪਤਨੀ ਨੇ ਕਿਹਾ: ਇਹ ਤਾਵੀਜ਼ ਨਹੀਂ, ਚਾਹ-ਬੈਗ ਹੈ।

88

ਕੈਦੀ : ਪੁਲਿਸ ਨੇ ਤੁਹਾਨੂੰ ਕਿਉਂ ਫੜਿਆ?

ਦੂਜਾ ਕੈਦੀ: ਬੈਂਕ ਲੁੱਟਣ ਤੋਂ ਬਾਅਦ, ਉੱਥੇ ਬੈਠ ਕੇ ਪੈਸੇ ਗਿਣ ਰਿਹਾ ਸੀ, ਪੁਲਿਸ ਨੇ ਉਸ ਨੂੰ ਫੜ ਲਿਆ।

ਕੈਦੀ : ਉੱਥੇ ਪੈਸੇ ਗਿਣਨ ਦੀ ਕੀ ਲੋੜ ਸੀ?

ਦੂਜਾ ਕੈਦੀ: ਉੱਥੇ ਲਿਖਿਆ ਸੀ ਕਿ ਕਾਊਂਟਰ ਤੋਂ ਬਾਹਰ ਨਿਕਲਣ ਤੋਂ ਪਹਿਲਾਂ ਪੈਸੇ ਗਿਣ ਲਓ, ਬਾਅਦ ਵਿੱਚ ਬੈਂਕ ਜ਼ਿੰਮੇਵਾਰ ਨਹੀਂ ਹੋਵੇਗਾ।

**************

. ਪਤਨੀ: ਅਸੀਂ ਕਿੱਥੇ ਜਾ ਰਹੇ ਹਾਂ?

ਪਤੀ : ਲੰਬੀ ਡਰਾਈਵ ਤੇ...

ਪਤਨੀ : ਪਹਿਲਾਂ ਕਿਉਂ ਨਹੀਂ ਦੱਸਿਆ ?

ਪਤੀ: ਮੈਨੂੰ ਵੀ ਹੁਣੇ ਪਤਾ ਲੱਗਾ ਜਦੋਂ ਬ੍ਰੇਕ ਫੇਲ ਹੋ ਗਈ।

**************

ਕੁੜੀ ਵਾਲੇ: ਸਾਨੂੰ ਮੁੰਡਾ ਪਸੰਦ ਨਹੀਂ!

ਮੁੰਡੇ ਵਾਲੇ: ਪਸੰਦ ਤਾਂ ਸਾਨੂੰ ਵੀ ਨਹੀਂ, ਕੀ ਹੁਣ ਇਸਨੂੰ ਘਰੋਂ ਕੱਢ ਦੇਈਏ!

888

ਪਤੀ-ਪਤਨੀ ਦਾ ਇੱਕ ਘੰਟੇ ਤੱਕ ਝਗੜਾ ਚਲਿਆ ਪਰ ਪਤੀ ਦੇ ਇੱਕ ਵਾਕ ਨਾਲ ਖਤਮ ਹੋ ਗਿਆ!

ਪਤੀ : ਜੇ ਤੂੰ ਸੋਹਣੀ ਹੈਂ ਤਾਂ ਕੁੱਝ ਵੀ ਕਹੇਂਗੀ ?

ਇਸ ਤੋਂ ਬਾਅਦ ਪਤਨੀ ਨੇ ਵਧੀਆਂ ਚਾਹ ਬਣਾਈ ਤੇ ਬਿਸਕੁੱਟਾਂ ਨਾਲ ਪੀਤੀ!

**************

ਵਿਆਹ ਤੋਂ ਬਾਅਦ ਪਹਿਲੀ ਵਾਰ ਨੂੰਹ ਨੇ ਰੈਸਿਪੀ ਬੁੱਕ ਦੇਖ ਕੇ ਖਾਣਾ ਬਣਾ ਲਿਆ...

ਸੱਸ (ਫਰਿੱਜ ਖੋਲ੍ਹਦੀ ਹੈ) : ਹੇ ਨੂੰਹ ਰਾਣੀਂ , ਇਹ ਮੰਦਰ ਦਾ ਘੰਟਾ ਫਰਿੱਜ ਵਿੱਚ ਕਿਉਂ ਰੱਖਿਆ ਹੋਇਆ ਹੈ?

ਨੂੰਹ: ਮੰਮੀ ਜੀ ਦੀ ਕਿਤਾਬ ਵਿਚ ਲਿਖਿਆ ਹੈ ਕਿ ਇਨ੍ਹਾਂ ਚੀਜ਼ਾਂ ਨੂੰ ਮਿਲਾਕੇ ਅਤੇ ਲਈ ਇੱਕ ਘੰਟਾ ਫਰਿੱਜ ਵਿਚ ਰੱਖ ਦਿਓ।

**************

ਇੱਕ ਲੜਕਾ ਤੇ ਲੜਕੀ ਬੀ ਐਮ ਡਬਲਿਊ ਕਾਰ ਵਿੱਚ ਡੇਟ ਉਤੇ ਗਏ..

ਲੜਕਾ, ''ਮੈਂ ਅੱਜ ਤੱਕ ਤੇਰੇ ਕੋਲੋਂ ਇੱਕ ਗੱਲ ਲੁਕਾ ਰਿਹਾ ਹਾਂ।''

ਲੜਕੀ, ''ਕੀ?''

ਲੜਕਾ, ''ਮੈਂ ਵਿਆਹਿਆ ਹਾਂ।''

ਲੜਕੀ, ''ਹਾਏ ਰੱਬਾ! ਤੂੰ ਡਰਾ ਹੀ ਦਿੱਤਾ, ਮੈਨੂੰ ਲੱਗਾ ਕਿ ਇਹ ਬੀ ਐਮ ਡਬਲਿਊ ਕਾਰ ਤੇਰੀ ਨਹੀਂ।''

**************

ਮਾਸਟਰ ਜੀ, ''ਇਸ ਮੁਹਾਵਰੇ ਦਾ ਅਰਥ ਦੱਸੋ 'ਸੱਪ ਦੀ ਪੂਛ ਉਤੇ ਪੈਰ ਰੱਖਣਾ?''

ਵਿਦਿਆਰਥੀ, ''ਜੀ, ਆਪਣੀ ਪਤਨੀ ਨੂੰ ਪੇਕੇ ਜਾਣ ਤੋਂ ਰੋਕਣਾ।''

**************ਅੰਕਲ (ਪੱਪੂ ਨੂੰ), ''ਬੇਟਾ, ਇਹ ਪੈਰ ਉਤੇ ਪੱਟੀ ਕਿਉਂ ਬੰਨ੍ਹੀ ਹੈ?''

ਪੱਪੂ, ''ਕੁਝ ਨਹੀਂ ਅੰਕ ਜੀ, ਬਾਈਕ ਤੋਂ ਡਿੱਗ ਪਿਆ ਸੀ ਤੇ ਸੱਟ ਲੱਗ ਗਈ।''

ਅੰਕਲ, ''ਓਹੋ! ਬੇਟਾ ਕੋਈ ਦਵਾ-ਦਾਰੂ ਲਈ?''

ਪੱਪੂ, ''ਹਾਂ ਅੰਕਲ, ਡਿੱਗਣ ਤੋਂ ਪਹਿਲਾਂ ਹੀ ਪੀ ਲਈ ਸੀ।''

**************

ਵਿਆਹ ਵਿੱਚ ਪੱਪੂ ਬੜੀ ਦੇਰ ਤੋਂ ਖਾਣਾ ਖਾ ਰਿਹਾ ਸੀ ਕਿਸੇ ਨੇ ਪੁੱਛਿਆ ਓਏ ਹੋਰ ਕਿੰਨਾ ਖਾਵੇਂਗਾ?

ਪੱਪੂ :- ਮੈਂ ਵੀ ਖਾਂਦੇ ਖਾਂਦੇ ਪ੍ਰੇਸ਼ਾਨ ਹੋ ਗਿਆ ਹਾਂ!ਪਰ ਕੀ ਕਰਾਂ ਵਿਆਹ ਦੇ ਕਾਰਜ ਲਿਖਿਆ ਕਿ ਖਾਣਾ ਖਾਣ ਦਾ ਸਮਾਂ 7 ਤੋਂ 10 ਵਜੇ ਤੱਕ ਹੈ!

ਪਤੀ :-ਇਸ ਮਹੀਨੇ ਮੈਂ ਤੈਨੂੰ ਇੱਕ ਪੈਸਾ ਵੀ ਨਹੀਂ ਦੇਵਾਂਗਾ!

ਪਤਨੀ :-ਤੁਸੀਂ ਬਸ ਮੈਨੂੰ ਪੰਜ ਸੌ ਰੁਪਏ ਉਧਾਰ ਦੇ ਦਿਓ ਤੁਹਾਡੀ ਸੈਲਰੀ ਮਿਲਣ ਤੇ ਤੁਹਾਨੂੰ ਵਾਪਸ ਕਰ ਦੇਵਾਂਗੀ !

**************

ਨੌਕਰਾਣੀ ਮਾਲਕਣ ਨੂੰ:- ਮੈਨੂੰ ਦਸ ਦਿਨ ਦੀ ਛੁੱਟੀ ਚਾਹੀਦੀ ਐ?

ਮਾਲਕਣ :-ਜੇਕਰ ਤੂੰ ਛੁੱਟੀ ਤੇ ਚਲੀ ਜਾਵੇਂਗੀ ਤਾਂ ਫਿਰ ਤੇਰੇ ਸਾਹਬ ਦਾ ਨਾਸ਼ਤਾ ਕੌਣ ਬਣਾਏਗਾ? ਟਿਫ਼ਨ ਕੌਣ ਪੈਕ ਕਰੇਗਾ? ਕੱਪੜੇ ਕੌਣ ਧੋਏਗਾ?' ਉਨ੍ਹਾਂ ਨੂੰ ਟਾਈਮ ਤੇ ਦਵਾਈ ਕੌਣ ਦੇਵੇਗਾ?

ਨੌਕਰਾਣੀ :- ਹੈ ਤਾਂ ਮੈਂ ਫਿਰ ਮਾਲਕ ਨੂੰ ਵੀ ਨਾਲ ਹੀ ਲੈ ਜਾਂਦੀ ਹਾਂ1

**************

ਲੜਕਾ (ਗਰਲ ਫਰੈਂਡ ਨੂੰ), ''ਮੇਰੇ ਕੋਲ ਮੇਰੇ ਦੋਸਤ ਵਾਂਗ ਵੱਡੀ ਕਾਰ ਨਹੀਂ, ਪਰ ਮੈਂ ਤੈਨੂੰ ਆਪਣੀਆਂ ਪਲਕਾਂ ਉੱਤੇ ਬਿਠਾ ਕੇ ਰੱਖਾਂਗਾ, ਉਸ ਵਰਗਾ ਵੱਡਾ ਘਰ ਨਹੀਂ, ਪਰ ਮੈਂ ਤੈਨੂੰ ਦਿਲ ਵਿੱਚ ਰੱਖਾਂਗਾ, ਮੈਂ ਉਸ ਵਰਗਾ ਅਮੀਰ ਨਹੀਂ, ਪਰ ਸਿਰਫ ਤੇਰਾ ਹੀ ਰਹਾਂਗਾ, ਤੈਨੂੰ ਹੋਰ ਕੀ ਚਾਹੀਦਾ ਹੈ?"

ਲੜਕੀ,:- ''ਬੱਸ ਆਪਣੇ ਉਸ ਦੋਸਤ ਦਾ ਨੰਬਰ ਦੇ ਦੇ।"

**************

ਪੱਪੂ ਨੂੰ ਲੁਟੇਰਿਆਂ ਨੇ ਚੁੱਕ ਲਿਆ।

ਡਾਕੂ (ਆਪਣੇ ਬੰਦੇ ਨੂੰ), ''ਇਸ ਬੰਦੇ ਦਾ ਇੱਕ ਕੰਨ ਵੱਢ ਦਿਓ।"

ਪੱਪੂ, ''ਨਹੀਂ, ਕੰਨ ਨਾ ਕੱਟੋ, ਨਹੀਂ ਤਾਂ ਮੈਂ ਅੰਨ੍ਹਾ ਹੋ ਜਾਵਾਂਗਾ।"ਲੁਟੇਰਾ, ''ਮੂਰਖਾ, ਕੋਈ ਕੰਨ ਵੱਢ ਕੇ ਵੀ ਅੰਨ੍ਹਾ ਹੁੰਦਾ ਹੈ?"

ਪੱਪੂ, ''ਓਏ, ਕੰਨ ਵੱਢ ਦਿੱਤੇ ਤਾਂ ਐਨਕਾਂ ਕਿੱਥੇ ਲਾਵਾਂਗਾ।"

**************

ਇੱਕ ਵਾਰ ਇੰਜੀਨੀਅਰਿੰਗ ਦੇ ਸਾਰੇ ਪ੍ਰੋਫੈਸਰਾਂ ਨੂੰ ਜਹਾਜ਼ ਵਿੱਚ ਬਿਠਾ ਕੇ ਐਲਾਨ ਹੋਇਆ ਕਿ ਇਹ ਤੁਹਾਡੇ ਵਿਦਿਆਰਥੀਆਂ ਨੇ ਬਣਾਇਆ ਹੈ। ਸਾਰੇ ਪ੍ਰੋਫੈਸਰ ਹੇਠਾਂ ਉਤਰ ਗਏ, ਪਰ ਪ੍ਰਿੰਸੀਪਲ ਬੈਠਾ ਰਿਹਾ।ਲੋਕਾਂ ਨੇ ਪੁੱਛਿਆ, ''ਕੀ ਤੁਸੀਂ ਡਰਦੇ ਨਹੀਂ?"ਪ੍ਰਿੰਸੀਪਲ, ''ਮੈਨੂੰ ਆਪਣੇ ਵਿਦਿਆਰਥੀਆਂ ਉਤੇ ਪੂਰਾ ਭਰੋਸਾ ਹੈ, ਇਹ ਜਹਾਜ਼ ਸਟਾਰਟ ਹੀ ਨਹੀਂ ਹੋਵੇਗਾ।"

**************




# ਮਾਂਵਾਂ ਦੇ ਹਰਜਾਨੇ ਲੋਕੋ ਕੌਣ ਭਰੇ...!!!



ਅਦਾਲਤ 'ਚ ਇੱਕ ਵੱਖਰੀ ਕਿਸਮ ਦਾ ਮੁਕਦਮਾ ਆਇਆ... ਜਿਸ ਨੇ ਸਭ ਨੂੰ ਝੰਜੋੜ ਕੇ ਰੱਖ ਦਿੱਤਾ। ਇੱਕ 70 ਬਜੁਰਗ ਨੇ ਆਪਣੇ ਹੀ ਵੱਡੇ ਭਰਾ 'ਤੇ ਮੁਕਦਮਾ ਕੀਤਾ ਸੀ ਕਿ "ਮੇਰਾ 75 ਸਾਲਾਂ ਦਾ ਵੱਡਾ ਭਰਾ ਹੁਣ ਬੁੱਢਾ ਹੋ ਚੁੱਕਿਆ ਹੈ, ਓਹ ਆਪਣਾ ਖਿਆਲ ਵੀ ਠੀਕ ਤਰ੍ਹਾਂ ਨਹੀਂ ਰੱਖ ਸਕਦਾ... ਪਰ ਮੇਰੇ ਨਾਂਹ ਕਰਨ ਦੇ ਬਾਵਜੂਦ ਵੀ ਓਹ ਸਾਡੀ 95 ਸਾਲਾਂ ਦੀ ਮਾਤਾ ਦੀ ਦੇਖਭਾਲ ਕਰ ਰਿਹਾ ਹੈ। ਮੈਂ ਹਾਲੇ ਠੀਕ ਹਾਂ... ਏਸ ਲਈ ਮਾਂ ਦੀ ਸੇਵਾ ਸੰਭਾਲ ਦਾ ਕੰਮ ਮੈਨੂੰ ਸੌਂਪਿਆ ਜਾਵੇ।" ਵੱਡੇ ਭਰਾ ਦਾ ਕਹਿਣਾ ਸੀ ਕਿ "ਮੈਂ ਸਵਰਗ ਨੂੰ ਆਪਣੇ ਆਪ ਤੋਂ ਦੂਰ ਕਿਉਂ ਹੋਣ ਦਿਆਂ... ਹਾਂ, ਜੇ ਮਾਂ ਕਹਿ ਦੇਵੇ ਕਿ ਮੈਂ ਓਸਦੀ ਦੇਖਭਾਲ ਚੰਗੀ ਤਰ੍ਹਾਂ ਨਹੀਂ ਕਰਦਾ ਤਾਂ ਓਸ ਨੂੰ ਛੋਟੇ ਨੂੰ ਦੇ ਦਿਓ, ਮੈਨੂੰ ਕੋਈ ਇਤਰਾਜ ਨਹੀਂ ਹੋਵੇਗਾ।"ਓਧਰ ਛੋਟੇ ਭਰਾ ਨੇ ਆਪਣਾ ਪੱਖ ਰੱਖਦੇ ਕਿਹਾ ਕਿ "ਪਿਛਲੇ 25 ਸਾਲਾਂ ਤੋਂ ਵੱਡਾ ਭਰਾ ਹੀ ਮਾਂ ਦੀ ਸੇਵਾ ਕਰ ਰਿਹਾ, ਹੁਣ ਓਹ ਆਪ ਠੀਕ ਨਹੀਂ ਰਹਿੰਦਾ ਇਸ ਲਈ ਮੈਨੂੰ ਮੌਕਾ ਮਿਲਣਾ ਚਾਹੀਂਦਾ ਹੈ।" ਆਖਿਰ! ਕੋਈ ਹੱਲ ਨਾ ਨਿਕਲਦਾ ਵੇਖ ਜੱਜ ਨੇ ਮਾਂ ਨੂੰ ਕੋਰਟ 'ਚ ਸੱਦਿਆ ਤੇ ਪੁੱਛਿਆ ਕਿ ਓਹ ਕਿਸ ਦੇ ਨਾਲ ਰਹਿਣਾ ਚਾਹੁੰਦੀ ਹੈ?? ਵੀਲਚੇਅਰ 'ਤੇ ਬਿਠਾ ਮਸਾਂ ਕੋਰਟ ਲਿਆਂਦੀ ਮਾਤਾ ਨੇ ਦੁੱਖੀ ਮਨ ਨਾਲ ਕਿਹਾ, "ਜੱਜ ਸਾਹਬ, ਮੈਂ ਕਿਸੇ ਇੱਕ ਦੇ ਹੱਕ 'ਚ ਬੋਲ ਕੇ ਦੂਜੇ ਦਾ ਦਿਲ ਨਹੀਂ ਦੁੱਖਾ ਸਕਦੀ ਕਿਉਂਕਿ ਮੇਰੇ ਲਈ ਦੋਵੇਂ ਬਰਾਬਰ ਨੇ... ਤੁਸੀਂ ਜੋ ਫੈਸਲਾ ਦੇ ਦਿਓਗੇ ਓਹ ਸਾਨੂੰ ਮੰਜੂਰ ਹੋਵੇਗਾ।

ਆਖਿਰ ਜੱਜ ਨੇ ਆਪਣਾ ਫ਼ੈਸਲਾ ਸੁਣਾਂਦਿਆਂ ਕਿਹਾ, "ਅਦਾਲਤ ਦੋਵੇਂ ਭਰਾਵਾਂ ਦੇ ਜਜਬਾਤਾਂ ਦੀ ਕਦਰ ਕਰਦੀ ਹੈ, ਪਰ ਨਾਲ ਹੀ ਛੋਟੇ ਭਰਾ ਦੀ ਇਸ ਗੱਲ ਨਾਲ ਸਹਿਮਤ ਹੈ ਕਿ ਉਸਦੇ ਭਰਾ ਦੀ ਆਪਣੀ ਸਿਹਤ ਠੀਕ ਨਹੀਂ ਰਹਿੰਦੀ, ਲਿਹਾਜ਼ਾ ਮਾਂ ਦੀ ਸੇਵਾ ਸੰਭਾਲ ਦੀ ਜ਼ਿੰਮੇਵਾਰੀ ਛੋਟੇ ਪੁੱਤਰ ਨੂੰ ਸੌਂਪੀ ਜਾਂਦੀ ਹੈ।"ਜੱਜ ਦਾ ਫ਼ੈਸਲਾ ਸੁਣਦਿਆਂ ਹੀ ਵੱਡਾ ਭਰਾ ਬੋਲਿਆ "ਜੱਜ ਸਾਹਿਬ ਤੁਸੀਂ ਅੱਜ ਮੇਰੇ ਤੋਂ ਸਵਰਗ ਖੋਹ ਲਿਆ" ਤੇ ਭਰੀ ਅਦਾਲਤ 'ਚ ਉੱਚੀ ਉੱਚੀ ਰੋਣ ਲੱਗਾ... ਓਸ ਨੂੰ ਰੋਂਦਾ ਵੇਖ ਜੱਜ ਸਮੇਤ ਓਥੇ ਮੌਜੂਦ ਹਰ ਵਿਅਕਤੀ ਦੀਆਂ ਅੱਖਾਂ ਹੰਝੂਆਂ ਨਾਲ ਭਰ ਆਈਆਂ॥

# ਡਾ. ਸਤਿੰਦਰ ਸਰਤਾਜ ਵੱਲੋਂ ਘੱਲੂਘਾਰੇ ਦੀ ਯਾਦ ਤੇ ਸਤਿਕਾਰ 'ਚ ਸ਼ੋਅ ਨਾ ਕਰਨ ਦਾ ਫ਼ੈਸਲਾ

ਸੈਕਰਾਮੈਂਟੋ: ਡਾ.ਸਤਿੰਦਰ ਸਰਤਾਜ ਵੱਲੋਂ ਘੱਲੂਘਾਰੇ ਦੀ ਯਾਦ ਤੇ ਸਤਿਕਾਰ ਚ ਸ਼ੋਅ ਨਾ ਕਰਨ ਦਾ ਫ਼ੈਸਲਾ ਕੀਤਾ ਗਿਆ ਹੈ , ਇਹ ਜਾਣਕਾਰੀ ਉਨ੍ਹਾਂ ਨੇ ਸੋਸ਼ਲ ਮੀਡੀਆ ਰਾਹੀਂ ਦਿੱਤੀ ਜਿਸ ਵਿੱਚ ਡਾ. ਸਤਿੰਦਰ ਸਰਤਾਜ ਨੇ ਕਿਹਾ ਕਿ.." ਗੁਰਦਵਾਰਾ ਸਾਹਿਬ ਪਹੁੰਚ ਕੇ ਆਪ ਸਭ ਨੂੰ ਨਿਮਰਤਾ ਸਹਿਤ ਇਹ ਦੱਸਣਾ ਚਾਹੁੰਦੇ ਹਾਂ ਕਿ ਅਣਜਾਣੇ ਵਿੱਚ ਜੂਨ 3 ਅਤੇ ਜੂਨ 5 ਵਿੱਚ ਰੱਖੇ ਗਏ ਸਨ ਜੋ ਕਿ ਦਰਬਾਰ ਸਾਹਿਬ ਦੇ ਘੱਲੂਘਾਰੇ ਦੀ ਯਾਦ ਤੇ ਸਤਿਕਾਰ ਵਿੱਚ ਨਾ ਕਰਨ ਦਾ ਫ਼ੈਸਲਾ ਲੈਂਦੇ ਹਾਂ ।

ਜਲਦੀ ਹੀ ਜੂਨ ਪਹਿਲੇ ਹਫ਼ਤੇ ਤੋਂ ਬਾਅਦ ਮਿਲ਼ੀ ਕਿਸੇ ਹੋਰ ਤਾਰੀਖ਼ ਬਾਰੇ ਦੱਸਿਆ ਜਾਵੇਗਾ ਜੀ ! ਅਣਜਾਣੇ ਵਿੱਚ ਹੋਈ ਭੁੱਲ-ਚੁੱਕ ਲਈ ਖਿਮਾ ਦੇ ਜਾਚਕ ਹਾਂ ਜੀ।


ਅਸੀਂ ਸਭ ਜਾਣਦੇ ਹਾਂ ਕਿ ਡਾ. ਸਤਿੰਦਰ ਸਰਤਾਜ ਨੇ ਆਪਣੀ ਲੇਖਣੀ,ਗੀਤਕਾਰੀ ਤੇ ਸੰਗੀਤਕਾਰੀ ਨਾਲ ਪੰਜਾਬ ਦੇ ਸੱਭਿਆਚਾਰ ਨੂੰ ਸੰਸਾਰ ਭਰ ਵਿੱਚ ਫੈਲਾਇਆ ਹੈ।ਸੂਫੀ ਸੰਗੀਤ ਦੇ ਜ਼ਰੀਏ ਪੰਜਾਬੀ ਸੱਭਿਆਚਾਰ ਨੂੰ ਇੱਕ ਨਵਾਂ ਰੰਗ ਦਿੱਤਾ ਹੈ।



# ਜਤਿੰਦਰ ਸਿੰਘ ਗਿੱਲ ਖਾਲਸਾ ਦੀਵਾਨ ਸੁਸਾਇਟੀ ਐਬਟਸਫੋਰਡ ਦੇ ਪ੍ਰਧਾਨ ਚੁਣੇ



ਅਜੀਤਪਾਲ ਸਿੰਘ ਗਿੱਲ ਜਨਰਲ ਸਕੱਤਰ



ਜਤਿੰਦਰ ਸਿੰਘ ਗਿੱਲ (ਪ੍ਰਧਾਨ)

ਐਬਟਸਫੋਰਡ (ਗੁਰਦੀਪ ਸਿੰਘ ਗਰੇਵਾਲ)- ਕੈਨੇਡਾ ਦੇ ਬ੍ਰਿਸ਼ ਕੋਲੰਬੀਆ ਸੂਬੇ ਦੇ ਪੰਜਵੇਂ ਵੱਡੇ ਸ਼ਹਿਰ ਐਬਟਸਫੋਰਡ ਸਥਿਤ ਗੁਰਦੁਆਰਾ ਖ਼ਾਲਸਾ ਦੀਵਾਨ ਸੁਸਾਇਟੀ ਦੀ ਨਵੀਂ ਪ੍ਰਬੰਧਕ ਕਮੇਟੀ ਵਾਸਤੇ ਸਰਬਸੰਮਤੀ ਨਾਲ ਹੋਈ ਚੋਣ ਵਿਚ ਜ਼ਿਲ੍ਹਾ ਲੁਧਿਆਣਾ ਦੇ ਪਿੰਡ ਪੱਦੀ ਦੇ ਜਤਿੰਦਰ ਸਿੰਘ ਗਿੱਲ ਪ੍ਰਧਾਨ ਚੁਣੇ ਗਏ ਹਨ । ਜਦ ਕਿ ਜ਼ਿਲ੍ਹਾ ਮੋਗਾ ਦੇ ਪਿੰਡ ਖੋਸਾ ਪਾਂਡੋ ਦੇ ਭਜਨ ਸਿੰਘ ਤੂਰ ਮੀਤ ਪ੍ਰਧਾਨ ਅਤੇ ਅਜੀਤਪਾਲ ਸਿੰਘ ਗਿੱਲ ਜਨਰਲ ਸਕੱਤਰ ਚੁਣੇ ਗਏ । ਤਿੰਨ ਸਾਲਾਂ ਵਾਸਤੇ 15 ਮੈਂਬਰੀ ਪ੍ਰਬੰਧਕ ਕਮੇਟੀ ਵਿਚ ਸਪਿੰਦਰ ਸਿੰਘ ਮਾਂਗਟ ਸਹਾਇਕ ਸਕੱਤਰ, ਹਰਪ੍ਰੀਤ ਸਿੰਘ ਕੰਗ ਸਕੱਤਰ, ਸੁਰਿੰਦਰਪਾਲ ਸਿੰਘ ਗਰੇਵਾਲ ਖਜ਼ਾਨਚੀ ਤੇ ਜਗਦੀਪ ਸਿੰਘ ਰੋਮਾਣਾ ਨੂੰ ਮੀਤ ਖਜ਼ਾਨਚੀ ਬਣਾਇਆ ਗਿਆ ਹੈ।ਨਵੀਂ ਪ੍ਰਬੰਧਕ ਕਮੇਟੀ ਵਿਚ ਜਗਤਾਰ ਸਿੰਘ ਧਾਲੀਵਾਲ, ਤਰਸੇਮ ਸਿੰਘ ਦਿਆਲ, ਰਣਜੀਤ ਸਿੰਘ ਸੰਧੂ, ਜਗਤਾਰ ਸਿੰਘ ਚਹਿਲ, ਮਲਕੀਤ ਸਿੰਘ ਰਾਏ, ਰਜਿੰਦਰ ਸਿੰਘ ਗਿੱਲ, ਮਨਜੀਤ ਸਿੰਘ ਲਾਲੀ ਤੇ ਸੁਖਵਿੰਦਰ ਸਿੰਘ ਫਗੂੜਾ ਮੈਂਬਰ ਲਏ ਗਏ ਹਨ।ਗੁਰਦੁਆਰਾ ਸਾਹਿਬ ਦੇ ਕੁੱਲ 8500 ਮੈਂਬਰ ਹਨ।

# ਪੰਜਾਬ ਦਾ 'ਰੋਲ ਮਾਡਲ' ਬਣਨ ਵਾਲਾ ਕੋਈ ਰਵਾਇਤੀ ਪੰਜਾਬੀ ਆਗੂ ਨਹੀਂ ਰਹਿ ਗਿਆ ਸਾਡੇ ਕੋਲ

ਅੱਜ ਸ਼ਰਮ ਦੇ ਘੁੰਗਟ ਲਾਹ ਕੇ ਅਪਣੇ ਆਗੂਆਂ ਦੇ ਕਿਰਦਾਰ ਵਲ ਇਕ ਝਾਤ ਪਾਉਣ ਮਗਰੋਂ ਇਕ ਸਵਾਲ ਪੁਛਣਾ ਜ਼ਰੂਰੀ ਹੋ ਗਿਆ ਹੈ। ਸਾਡੇ ਕੋਲ ਆਗੂ ਹਨ ਜਿਨ੍ਹਾਂ ਦੀਆਂ ਰਗਾਂ ਵਿਚ ਸ਼ਾਹੀ ਖ਼ੂਨ ਹੈ ਪਰ ਕੀ ਉਹ ਮਹਾਰਾਜਾ ਰਣਜੀਤ ਸਿੰਘ ਵਾਂਗ ਪਿਆਰ ਕਰਦੇ ਹਨ ਪੰਜਾਬ ਨੂੰ? ਅੱਜ ਦੇ 'ਮਹਾਰਾਜਿਆਂ' ਦੀਆਂ ਆਦਤਾਂ ਤੇ ਹਰਕਤਾਂ ਅਪਣੀਆਂ ਰਗਾਂ ਵਿਚ ਸ਼ਾਹੀ ਖ਼ੂਨ ਢੋਣ ਵਾਲਿਆਂ ਨੂੰ ਹੀ ਨਹੀਂ ਬਲਕਿ ਉਨ੍ਹਾਂ ਦੀ ਰੀਸ ਕਰਨ ਵਾਲਿਆਂ ਨੂੰ ਵੀ ਚੁਭ ਰਹੀਆਂ ਹਨ। ਮੁੱਛ ਦੇ ਵੱਟ ਸ਼ਾਹੀ ਹਨ, ਰਹਿਣ-ਸਹਿਣ ਸ਼ਾਹੀ ਹੈ, ਸ਼ਾਹੀ ਰਵਾਇਤ ਮੁਤਾਬਕ ਘਰਵਾਲੀ ਵੀ ਤੇ ਬਾਹਰ ਵਾਲੀਆਂ ਵੀ ਹਨ ਪਰ ਜੇ ਮਹਾਰਾਜਾ ਰਣਜੀਤ ਸਿੰਘ ਨੂੰ ਠੀਕ ਢੰਗ ਨਾਲ ਯਾਦ ਰਖਦੇ ਤਾਂ ਮਹਿਸੂਸ ਕਰਦੇ ਕਿ ਉਨ੍ਹਾਂ ਦੀ ਪੰਜਾਬ ਨੂੰ ਇਕ ਤਾਕਤ ਬਣਾ ਕੇ ਸਿੱਖ ਰਾਜ ਕਾਇਮ ਕਰਨ ਵਾਲੀ ਸੋਚ ਤਾਂ ਕਿਸੇ ਵਿਚ ਵੀ ਨਹੀਂ ਰਹੀ ਤੇ ਅੱਜ ਦੇ ''ਸ਼ਾਹੀ'' ਆਗੂ ਤਾਂ ਅਪਣੀਆਂ '75-25' ਦੀਆਂ ਚਾਲਾਂ ਵਿਚ ਹੀ ਮਸਰੂਫ਼ ਹੋਏ ਰਹੇ। ਪੰਥਕ ਪਾਰਟੀ ਦੇ ਆਗੂਆਂ 'ਚੋਂ ਕੀ ਅਜਿਹਾ ਇਕ ਵੀ ਨਾਮ ਲਿਆ ਜਾਂਦਾ ਹੈ ਜੋ ਭ੍ਰਿਸ਼ਟਾਚਾਰ ਤੋਂ 100 ਫ਼ੀ ਸਦੀ ਮੁਕਤ ਹੋਵੇ?

ਗੋਲਕ ਚੋਰ, ਆਰਐਸਐਸ ਦੇ ਪਿਆਦੇ, ਪ੍ਰਵਾਰਵਾਦ ਨੂੰ ਪੰਥਵਾਦ ਤੋਂ ਉਪਰ ਮੰਨਣ ਵਾਲੇ ਜਹੇ ਨਾਵਾਂ ਨਾਲ ਜਾਣੇ ਜਾਣ ਵਾਲੇ ਆਗੂ ਅੱਜ ਸਿੱਖ ਪੰਥ ਦੇ ਰਾਖੇ ਬਣੇ ਹੋਏ ਹਨ ਕਿਉਂਕਿ ਉਹ ਸਿੱਖਾਂ ਦੇ ਪੈਸੇ ਨਾਲ ਚਲ ਰਹੀਆਂ 'ਪੰਥਕ' ਸੰਸਥਾਵਾਂ ਉਤੇ ਕਾਬਜ਼ ਹਨ।ਜਿਹੜੇ ਲੋਕ ਅਪਣੇ ਆਪ ਨੂੰ ਅਧਿਆਤਮਕ ਮਾਰਗ ਦੇ ਰਾਹ-ਦਸੇਰੇ (ਗੁਰੂ) ਦਸਦੇ ਹਨ, ਉਨ੍ਹਾਂ ਦਾ ਕਿਰਦਾਰ ਵੇਖ ਕੇ ਤਾਂ ਰੋਣਾ ਆ ਜਾਂਦਾ ਹੈ ਕਿਉਂਕਿ ਉਹ ਬਲਾਤਕਾਰ ਕਰ ਕੇ ਵੀ ਲੋਕਾਂ ਦੇ ਮਨਾਂ ਵਿਚ ਟਿਕੇ ਰਹਿੰਦੇ ਹਨ।ਰੱਬ ਦੇ ਨਾਮ 'ਤੇ ਵਪਾਰ ਕਰਦੇ ਹਨ ਤੇ ਲੋਕ ਉਸ ਵਪਾਰ ਦਾ ਹਿੱਸਾ ਬਣ ਜਾਂਦੇ ਹਨ। ਕੋਈ ਸਿਆਸੀ ਆਗੂ, ਕੋਈ ਧਾਰਮਕ ਆਗੂ, ਕੋਈ ਸਮਾਜ ਸੇਵੀ, ਅਜਿਹਾ ਕੋਈ ਨਜ਼ਰ ਨਹੀਂ ਆਉਂਦਾ ਜੋ ਪੰਜਾਬ ਵਾਸਤੇ ਇਕ ਵੱਡੀ ਦੂਰ-ਦ੍ਰਿਸ਼ਟੀ ਰਖਦਾ ਹੋਵੇ। ਆਮ ਆਦਮੀ ਪਾਰਟੀ ਪੰਜਾਬ ਵਾਸਤੇ ਇਕ ਨਵੀਂ ਸੋਚ ਲੈ ਕੇ ਆਈ ਹੈ ਤੇ ਉਹ ਸਹੀ ਦਿਸ਼ਾ ਵਲ ਚੱਲ ਰਹੇ ਹਨ ਪਰ ਸਾਡੇ ਪੰਜਾਬ ਦੇ ਰਵਾਇਤੀ ਆਗੂ ਕਿਉਂ ਅਪਣੇ ਲੋਕਾਂ ਤੋਂ ਹੀ ਕੱਟੇ ਜਾ ਚੁਕੇ ਹਨ? ਇਹ ਸਿਉਂਕ ਸਿਰਫ਼ ਆਗੂਆਂ ਨੂੰ ਹੀ ਨਹੀਂ ਚਟ ਰਹੀ ਬਲਕਿ ਆਮ ਪੰਜਾਬੀ ਨੂੰ ਵੀ ਖਾਈ ਜਾ ਰਹੀ ਹੈ। ਸਰਕਾਰ ਜਿਹੜੇ ਕਬਜ਼ੇ ਹਟਾ ਰਹੀ ਹੈ, ਉਹ ਸਿਰਫ਼ ਆਗੂਆਂ ਦੇ ਨਹੀਂ ਹਨ, ਉਨ੍ਹਾਂ ਵਿਚ ਕਈ ਆਮ ਤੇ ਗ਼ਰੀਬ ਲੋਕ ਵੀ ਹਨ ਤੇ ਕਈ ਅਮੀਰ ਵੀ ਹਨ। ਰਿਸ਼ਵਤ ਬੰਦ ਕਰਨ ਦੇ ਯਤਨਾਂ ਵਜੋਂ ਸਰਕਾਰੀ ਦਫ਼ਤਰਾਂ ਦੇ ਬਾਹਰ ਰਿਸ਼ਵਤ ਸੁੰਘਣ ਵਾਲੇ ਏਜੰਟ ਬਿਠਾਏ ਜਾ ਰਹੇ ਹਨ। ਜਦ ਸਮਾਜ ਦੇ ਕਣ-ਕਣ ਵਿਚ ਭ੍ਰਿਸ਼ਟਾਚਾਰ ਪਨਪ ਰਿਹਾ ਹੈ ਤਾਂ ਫਿਰ ਆਗੂ ਵੀ ਇਸੇ ਸਮਾਜ ਵਿਚੋਂ ਹੀ ਨਿਕਲਣਗੇ। ਨੌਜਵਾਨ ਵਰਗ ਤੋਂ ਹੀ ਹੁਣ ਆਸ ਕੀਤੀ ਜਾ ਰਹੀ ਹੈ ਕਿ ਉਹ ਅਪਣੇ ਬਦਨਾਮ ਹੋ ਚੁੱਕੇ ਆਗੂਆਂ ਦੀਆਂ ਰੀਤਾਂ ਤੋਂ ਵੱਖ ਹੋ ਕੇ ਅਪਣੇ ਆਪ ਨੂੰ ਪੰਜਾਬ ਦੇ ਬੁਨਿਆਦੀ ਫ਼ਲਸਫ਼ੇ ਨਾਲ ਜੋੜ ਕੇ ਪੰਜਾਬ ਵਾਸਤੇ ਅਪਣੇ ਆਪ ਨੂੰ ਕਾਬਲ ਬਣਾਉਣ। ਅੱਜ ਤਾਂ ਸਾਡੇ ਕੋਲ ਕੋਈ ਅਜਿਹਾ ਆਗੂ ਨਹੀਂ ਰਿਹਾ ਜਿਸ ਨੂੰ ਅਸੀਂ ਅਪਣਾ ਰੋਲ ਮਾਡਲ ਬਣਾ ਸਕੀਏ।

**- ਨਿਮਰਤ ਕੌਰ**







# ਜਸਟਿਸ ਅਜੀਤ ਸਿੰਘ ਬੈਂਸ ਦੀ ਜਨਮ ਸ਼ਤਾਬਦੀ ‘ਤੇ ਸੈਮੀਨਾਰ ਆਯੋਜਿਤ

## *ਸਰਕਾਰੀ ਤਾਨਾਸ਼ਾਹੀ ਖ਼ਿਲਾਫ਼ ਜਸਟਿਸ ਬੈਂਸ ਵੱਲੋਂ ਅਰੰਭਿਆ ਘੋਲ ਜਾਰੀ ਰੱਖਣ ਦਾ ਅਹਿਦ*

## ਕੇਂਦਰੀ ਸਿੱਖ ਅਜਾਇਬ ਘਰ ਵਿਖੇ ਜਸਟਿਸ ਅਜੀਤ ਸਿੰਘ ਬੈਂਸ ਦੀ ਤਸਵੀਰ ਸੁਸ਼ੋਭਿਤ ਕੀਤੇ ਜਾਣ ਦੀ ਮੰਗ

## ਰੈਡੀਕਲ ਦੇਸੀ, ਕੈਨੇਡਾ ਨੇ ਜਸਟਿਸ ਬੈਂਸ ਨੂੰ ‘ਪਰਸਨ ਆਫ ਦਿ ਯੀਅਰ’ ਐਲਾਨਿਆ







ਸਰੀ:ਮਨੁੱਖੀ ਹੱਕਾਂ ਦੇ ਮਹਾਨ ਯੋਧੇ ਜਸਟਿਸ ਅਜੀਤ ਸਿੰਘ ਬੈਂਸ ਦੀ ਜਨਮ ਸ਼ਤਾਬਦੀ ਨੂੰ ਸਮਰਪਿਤ ਸੈਮੀਨਾਰ, ਸਰੀ ਦੀ ਸਟਰਾਅਬੈਰੀ ਹਿੱਲ ਲਾਇਬ੍ਰੇਰੀ ਵਿਖੇ 22 ਮਈ ਦਿਨ ਐਤਵਾਰ ਨੂੰ ਬੇਹੱਦ ਉਤਸ਼ਾਹ ਨਾਲ ਕਰਵਾਇਆ ਗਿਆ। ਇਸ ਮੌਕੇ ‘ਤੇ ਜਸਟਿਸ ਸਾਹਿਬ ਦੇ ਮਨੁੱਖੀ ਅਧਿਕਾਰਾਂ ਦੇ ਖੇਤਰ ਵਿਚ ਪਾਏ ਵੱਡੇ ਯੋਗਦਾਨ ਤੋਂ ਇਲਾਵਾ, ਉਨ੍ਹਾਂ ਦੇ ਜੀਵਨ ਸੰਘਰਸ਼ ਅਤੇ ਜੇਲ੍ਹ ਯਾਤਰਾ ਬਾਰੇ ਵੀ ਵਿਚਾਰਾਂ ਹੋਈਆਂ। ਇਸ ਸੈਮੀਨਾਰ ਵਿੱਚ ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਦੀ ਸੁਪਤਨੀ ਬੀਬੀ ਪਰਮਜੀਤ ਕੌਰ ਖਾਲੜਾ ਨੇ ਵਿਸ਼ੇਸ਼ ਤੌਰ ‘ਤੇ ਸ਼ਮੂਲੀਅਤ ਕੀਤੀ। ਆਪਣੇ ਵਿਚਾਰਾਂ ਰਾਹੀਂ ਬੀਬੀ ਖਾਲੜਾ ਨੇ ਜਸਟਿਸ ਅਜੀਤ ਸਿੰਘ ਬੈਂਸ ਦੀ ਖਾਲੜਾ ਪਰਿਵਾਰ ਨੂੰ ਦੇਣ ਬਾਰੇ ਭਾਵਪੂਰਤ ਜਾਣਕਾਰੀ ਦਿੱਤੀ। ਉਨ੍ਹਾਂ ਜਿੱਥੇ ਕਬੀਰ ਪਾਰਕ ਅੰਮ੍ਰਿਤਸਰ ਸਥਿਤ ਖਾਲੜਾ ਪਰਿਵਾਰ ਦੇ ਜੱਦੀ ਘਰ ਨੂੰ ਸਿੱਖ ਵਿਰਾਸਤ ਵਜੋਂ ਸਮਰਪਿਤ ਕਰਨ ਬਾਰੇ ਵਿਚਾਰ ਦਿੱਤੇ, ਉਥੇ ਜਸਟਿਸ ਅਜੀਤ ਸਿੰਘ ਬੈਂਸ ਦੀ ਤਸਵੀਰ ਕੇਂਦਰੀ ਸਿੱਖ ਅਜਾਇਬ ਘਰ, ਦਰਬਾਰ ਸਾਹਿਬ, ਅੰਮ੍ਰਿਤਸਰ ਵਿਖੇ ਸੁਸ਼ੋਭਿਤ ਕਰਨ ਲਈ ਵੀ ਆਵਾਜ਼ ਉਠਾਈ। ਜਸਟਿਸ ਅਜੀਤ ਸਿੰਘ ਬੈਂਸ ਜੀ ਦੇ ਸਭ ਤੋਂ ਛੋਟੇ ਭਰਾ ਹਰਦਿਆਲ ਬੈਂਸ ਦੇ ਨਾਂ ‘ਤੇ ਸਥਾਪਤ ਸੰਸਥਾ ਹਰਦਿਆਲ ਬੈਂਸ ਰਿਸੋਰਸ ਸੈਂਟਰ ਵੱਲੋਂ ਭੇਜਿਆ ਸੰਦੇਸ਼ ਸੈਮੀਨਾਰ ਵਿਚ ਸਾਊਥ ਏਸ਼ੀਅਨ ਰੀਵਿਊ ਦੀ ਸਹਿ ਸੰਪਾਦਕ ਡੋਨਾ ਐਂਡਰਸਨ ਨੇ ਪੜ੍ਹਿਆ ਅਤੇ ਜਸਟਿਸ ਬੈਂਸ ਦੀ ਮਨੁੱਖੀ ਹੱਕਾਂ ਲਈ, ਭਾਰਤ ਦੀ ਫਾਸ਼ੀਵਾਦੀ ਸਰਕਾਰ ਖ਼ਿਲਾਫ਼ ਲੜਾਈ ਬਾਰੇ ਵੇਰਵੇ ਸਾਂਝੇ ਕੀਤੇ।

ਸ਼ਤਾਬਦੀ ਸੈਮੀਨਾਰ ਮੌਕੇ ਜਸਟਿਸ ਬੈਂਸ ਦੇ ਜੀਵਨ ਸੰਘਰਸ਼ ਅਤੇ ਦੇਣ ਬਾਰੇ ਬੋਲਦਿਆਂ ਡਾ ਗੁਰਵਿੰਦਰ ਸਿੰਘ ਨੇ ਸ. ਅਜੀਤ ਸਿੰਘ ਬੈਂਸ ਦੀ ਗ੍ਰਿਫ਼ਤਾਰੀ, ਉਨ੍ਹਾਂ ਵੱਲੋਂ ਮਨੁੱਖੀ ਅਧਿਕਾਰ ਸੰਗਠਨ ਰਾਹੀਂ ਨਿਭਾਈ ਭੂਮਿਕਾ, ਸਰਕਾਰ ਖ਼ਿਲਾਫ਼ ਜੱਦੋ-ਜਹਿਦ ਅਤੇ ਵਡਮੁੱਲੀਆਂ ਲਿਖਤਾਂ ਰਾਹੀਂ ਇਤਿਹਾਸਕ ਦੇਣ ਬਾਰੇ ਰੌਸ਼ਨੀ ਪਾਈ। ਉਨ੍ਹਾਂ ਮੰਗ ਕੀਤੀ ਕਿ ਵਰਤਮਾਨ ਸਮੇਂ ਇੰਡੀਅਨ ਸਟੇਟ ਵੱਲੋਂ ਗ੍ਰਿਫਤਾਰ ਕੀਤੇ ਗਏ ਐਕਟੀਵਿਸਟਾਂ, ਵਕੀਲਾਂ, ਮਨੁੱਖੀ ਅਧਿਕਾਰ ਕਾਰਕੁਨਾਂ ਅਤੇ ਪੱਤਰਕਾਰਾਂ ਨੂੰ ਰਿਹਾਅ ਕਰਾਉਣ ਲਈ ਆਵਾਜ਼ ਉਠਾਉਣੀ ਹੀ, ਜਸਟਿਸ ਅਜੀਤ ਸਿੰਘ ਬੈਂਸ ਦੀ ਜਨਮ ਸ਼ਤਾਬਦੀ ਨੂੰ ਸਹੀ ਅਰਥਾਂ ‘ਚ ਮਨਾਉਣਾ ਕਿਹਾ ਜਾ ਸਕਦਾ ਹੈ। ਰੈਡੀਕਲ ਦੇਸੀ ਵਲੋਂ ਜਸਟਿਸ ਅਜੀਤ ਸਿੰਘ ਬੈਂਸ ਨੂੰ ਜੀਵਨ ਭਰ ਦੀ ਇਤਿਹਾਸਕ ਦੇਣ ਲਈ ‘ਪਰਸਨ ਆਫ ਦਿ ਯੀਅਰ’ ਨਾਲ ਸਨਮਾਨਤ ਕਰਦਿਆਂ ਪੱਤਰਕਾਰ ਅਤੇ ਸੰਸਥਾ ਆਗੂ ਗੁਰਪ੍ਰੀਤ ਸਿੰਘ ਨੇ ਇਹ ਪੁਰਸਕਾਰ ਬੀਬੀ ਪਰਮਜੀਤ ਕੌਰ ਖਾਲੜਾ ਭੇਟ ਕੀਤਾ। ਉਨ੍ਹਾਂ ਜਸਟਿਸ ਸਾਹਿਬ ਦੀਆਂ ਪ੍ਰੈੱਸ ਕਾਨਫ਼ਰੰਸਾਂ ਦੌਰਾਨ ਦਿੱਤੇ ਵਿਚਾਰਾਂ ਅਤੇ ਇਤਿਹਾਸਕ ਭੂਮਿਕਾਵਾਂ ਬਾਰੇ ਜਾਣਕਾਰੀ ਸਾਂਝੀ ਕੀਤੀ।


ਸੈਮੀਨਾਰ ਦੇ ਬੁਲਾਰੇ ਸੁਨੀਲ ਕੁਮਾਰ ਨੇ ਜਸਟਿਸ ਅਜੀਤ ਸਿੰਘ ਬੈਂਸ ਤੋਂ ਲੈ ਕੇ ਉਨ੍ਹਾਂ ਦੇ ਸਪੁੱਤਰ ਰਾਜਵਿੰਦਰ ਬੈਂਸ ਅਤੇ ਪੋਤਰੇ ਉਤਸਵ ਬੈਂਸ ਤੱਕ ਦੇ ਵਿਰਾਸਤੀ ਸਫ਼ਰ ਬਾਰੇ ਰੌਚਿਕ ਤੱਥ ਪੇਸ਼ ਕਰਦਿਆਂ ਦੱਸਿਆ ਕਿ ਬੈਂਸ ਪਰਿਵਾਰ ਨੇ ਵੱਡੀਆਂ ਪੇਸ਼ਕਸ਼ਾਂ ਨੂੰ ਜੁੱਤੀ ਦੀ ਨੋਕ ‘ਤੇ ਰੱਖਦਿਆਂ, ਹੱਕ ਸੱਚ ਤੇ ਇਨਸਾਫ਼ ਦਾ ਰਾਹ ਅਪਣਾਇਆ।

1986 ਵਿਚ ਸਾਕਾ ਨਕੋਦਰ ਦੇ ਸ਼ਹੀਦ ਸਿੰਘ ਦੇ ਭਰਾਤਾ ਡਾ ਹਰਿੰਦਰ ਸਿੰਘ ਨੇ ਅਮਰੀਕਾ ਤੋਂ ਵਿਸ਼ੇਸ਼ ਤੌਰ ‘ਤੇ ਸ਼ਿਰਕਤ ਕਰਦਿਆਂ ਦੱਸਿਆ ਕਿ ਔਖੀ ਘੜੀ ਵਿਚ ਜਸਟਿਸ ਅਜੀਤ ਸਿੰਘ ਬੈਂਸ ਪੀੜਤਾਂ ਨਾਲ ਖੜ੍ਹੇ ਅਤੇ ਜਾਬਰ ਪੁਲਸ ਪ੍ਰਸ਼ਾਸਨ ਅਤੇ ਸਰਕਾਰੀ ਦਹਿਸ਼ਤਗਰਦੀ ਖ਼ਿਲਾਫ਼ ਲੋਕਾਂ ਨੂੰ ਲਾਮਬੰਦ ਕੀਤਾ।

ਪ੍ਰੋਗਰਾਮ ਦਾ ਸੰਚਾਲਨ ਕਰਦਿਆਂ ਸਾਊਥ ਏਸ਼ੀਅਨ ਰੀਵਿਊ ਦੇ ਸੰਪਾਦਕ ਭੁਪਿੰਦਰ ਸਿੰਘ ਮੱਲ੍ਹੀ ਨੇ ਭਾਵਪੂਰਤ ਵਿਚਾਰ ਦਿੱਤੇ। ਉਹਨਾਂ ਦੱਸਿਆ ਕਿ ਜਸਟਿਸ ਬੈਂਸ ਨੇ ਸਰਕਾਰੀ ਦਹਿਸ਼ਤਗਰਦੀ ਖ਼ਿਲਾਫ਼, ਮਨੁੱਖੀ ਅਧਿਕਾਰ ਸੰਗਠਨਾਂ ਰਾਹੀਂ ਨੌਜਵਾਨਾਂ ਦੇ ਝੂਠੇ ਮੁਕੱਦਮਿਆਂ ਨੂੰ ਨਿਪਟਾਇਆ, ਪਰ ਅਖੌਤੀ ਪੱਤਰਕਾਰਾਂ ਅਤੇ ਅਖੌਤੀ ਅਗਾਂਹਵਧੂ ਧਿਰਾਂ ਨੇ ਉਨ੍ਹਾਂ ਦੇ ਰਾਹ ‘ਚ ਰੁਕਾਵਟਾਂ ਖੜ੍ਹੀਆਂ ਕੀਤੀਆਂ ਅਤੇ ਸਰਕਾਰ ਦੇ ਹੱਕ ਵਿੱਚ ਤੇ ਲੋਕਾਂ ਖ਼ਿਲਾਫ਼ ਭੁਗਤਦਿਆਂ ਮਰੀ ਜ਼ਮੀਰ ਵਾਲਿਆਂ ਵਜੋਂ ਇਤਿਹਾਸ ਵਿੱਚ ਕਲੰਕ ਖੱਟਿਆ। ਸ਼ਤਾਬਦੀ ਸੈਮੀਨਾਰ ਵਿਚ ਕੈਨੇਡਾ ਦੀਆਂ ਵੱਖ-ਵੱਖ ਜਥੇਬੰਦੀਆਂ ਅਤੇ ਉੱਘੀਆਂ ਸ਼ਖ਼ਸੀਅਤਾਂ ਨੇ ਹਾਜ਼ਰੀ ਲਵਾਈ ਅਤੇ ਲਾਇਬ੍ਰੇਰੀ ਹਾਲ ‘ਚ ਸਾਰੀਆਂ ਕੁਰਸੀਆਂ ਭਰ ਜਾਣ ਦੇ ਬਾਵਜੂਦ, ਬਹੁਤ ਸਾਰੇ ਲੋਕਾਂ ਨੇ ਖੜ੍ਹੇ ਹੋ ਕੇ ਸੈਮੀਨਾਰ ਦਾ ਆਨੰਦ ਮਾਣਿਆ। ਹੋਰਨਾਂ ਤੋਂ ਇਲਾਵਾ ਲੋਕ ਲਿਖਾਰੀ ਸਹਿਤ ਸਭਾ ਉੱਤਰੀ ਅਮਰੀਕਾ, ਕੈਨੇਡੀਅਨ ਸਿੱਖ ਸਟੱਡੀ ਟੀਚਿੰਗ ਸੁਸਾਇਟੀ, ਵੈਨਕੂਵਰ ਵਿਚਾਰ ਮੰਚ, ਵਿਸ਼ਵ ਸਿੱਖ ਸੰਸਥਾ ਕੈਨੇਡਾ, ਵਿਰਾਸਤ ਫਾਊਂਡੇਸ਼ਨ, ਗੁਰੂ ਨਾਨਕ ਗੁਰਦੁਆਰਾ ਸਭ ਸਰੀ ਡੈਲਟਾ ਅਤੇ ਪੰਜਾਬੀ ਸਹਿਤ ਸਭਾ ਮੁੱਢਲੀ ਐਬਟਸਫੋਰਡ ਆਦਿ ਵੱਲੋਂ ਨੁਮਾਇੰਦਿਆਂ ਨੇ ਸਮਾਗਮ ਵਿਚ ਭਰਪੂਰ ਉਤਸ਼ਾਹ ਨਾਲ ਹਾਜ਼ਰੀ ਭਰੀ ਅਤੇ ਸਥਾਨਕ ਪੰਜਾਬੀ ਮੀਡੀਆ ਅਦਾਰਿਆਂ ਵੱਲੋਂ ਪੂਰਨ ਸਹਿਯੋਗ ਦਿੱਤਾ ਗਿਆ।

ਵਿਲੱਖਣ ਗੱਲ ਇਹ ਰਹੀ ਕਿ ਸੈਮੀਨਾਰ ਵਿੱਚ ਸਾਂਝੇ ਕੀਤੇ ਵਿਚਾਰਾਂ ਨੂੰ ਕਿਤਾਬਚੇ ਦੇ ਰੂਪ ਵਿੱਚ ਪ੍ਰਕਾਸ਼ਤ ਕਰਕੇ ਵੰਡਿਆ ਗਿਆ ਅਤੇ ਨੇੜਲੇ ਭਵਿੱਖ ਵਿਚ, ਜਸਟਿਸ ਅਜੀਤ ਸਿੰਘ ਬੈਂਸ ਦੇ ਸੌ ਸਾਲਾ ਸਫ਼ਰ ਦੇ ਲੰਮੇ ਸੰਘਰਸ਼ ਸਬੰਧੀ ਕਿਤਾਬ ਪ੍ਰਕਾਸ਼ਤ ਕਰਨ ਦਾ ਅਹਿਦ ਲਿਆ ਗਿਆ।


LANGLEY BANQUET HALL




ਅਸੀਂ ਗੁਰਦੁਆਰਾ ਸਾਹਿਬ/ਮੰਦਰ ਵਿਚਲੇ ਫੰਕਸ਼ਨਾਂ ਲਈ ਵੀ ਕੈਟਰਿੰਗ ਕਰਦੇ ਹਾਂ
ਅਸੀਂ ਘਰ ਆ ਕੇ ਵੀ ਤੰਦੂਰ ਲਗਾ ਸਕਦੇ ਹਾਂ




DAVINDER GREWAL
604.537.9759
3227 264 St. Aldergrovw, BC V4W2X3



PANORAMA
WEST COAST LIVING



NOW PRE-SELLING PHASE 5

SHOW HOME
NOW OPEN

Open Daily 12-5pm, Except Fridays
UNIT 142- 13898-64 AVE.
SURREY,BC
778-885.6700

A unique and affordable living opportunity offering savvy lifestyle choices...
3 + Den & 4 Bedroom town homes ranging from 1,600 to 1,770 SF
www.panoramawestcoastliving.com

# ਮੇਰੀਆਂ ਅੱਖਾਂ 'ਚ ਹੰਝੂ ਆ ਗਏ:ਕੇਜਰੀਵਾਲ
## ਪੰਜਾਬ ਦੇ ਮੰਤਰੀ ਵਿਜੇ ਸਿੰਗਲਾ ਨੂੰ ਤਿੰਨ ਦਿਨਾਂ ਦੇ ਪੁਲਿਸ ਰਿਮਾਂਡ 'ਤੇ ਭੇਜਿਆ



ਚੰਡੀਗੜ੍ਹ:-ਵਿਜੇ ਸਿੰਗਲਾ ਨੂੰ ਪੁਲਿਸ ਵੱਲੋਂ ਅਦਾਲਤ ਵਿੱਚ ਪੇਸ਼ ਕੀਤਾ ਗਿਆ। ਅਦਾਲਤ ਨੇ ਵਿਜੇ ਸਿੰਗਲਾ ਨੂੰ ਤਿੰਨ ਦਿਨਾਂ ਦੀ ਪੁਲਿਸ ਰਿਮਾਂਡ ਉੱਤੇ ਭੇਜ ਦਿੱਤਾ ਹੈ।ਪੁਲਿਸ ਨੇ ਵਿਜੇ ਸਿੰਗਲਾ ਦੇ ਓਐੱਸਡੀ ਪ੍ਰਦੀਪ ਕੁਮਾਰ ਨੂੰ ਵੀ ਗ੍ਰਿਫ਼ਤਾਰ ਕਰ ਲਿਆ ਹੈ।ਇਸ ਤੋਂ ਪਹਿਲਾਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਇੱਕ ਵੀਡੀਓ ਸੰਦੇਸ਼ ਰਾਹੀਂ ਆਪਣੇ ਸਿਹਤ ਮੰਤਰੀ ਨੂੰ ਬਰਖ਼ਾਸਤ ਕਰਨ ਦਾ ਐਲਾਨ ਕੀਤਾ।ਭਗਵੰਤ ਮਾਨ ਨੇ ਵੀਡੀਓ ਵਿਚ ਸੂਬੇ ਦੇ ਲੋਕਾਂ ਨੂੰ ਸੰਬੋਧਨ ਕਰਦੇ ਹੋਏ ਜਾਣਕਾਰੀ ਦਿੱਤੀ ਹੈ ਕਿ ਉਨ੍ਹਾਂ ਭ੍ਰਿਸ਼ਟਾਚਾਰ ਖ਼ਤਮ ਕਰਨ ਦੇ ਆਪਣੇ ਵਾਅਦੇ ਨੂੰ ਨਿਭਾਉਂਦੇ ਹੋਏ ਇੱਕ ਕੈਬਨਿਟ ਮੰਤਰੀ ਨੂੰ ਅਹੁਦੇ ਤੋਂ ਹਟਾ ਦਿੱਤਾ ਹੈ।ਭਗਵੰਤ ਮਾਨ ਨੇ ਇਲਜ਼ਾਮ ਲਗਾਇਆ ਕਿ ਪੰਜਾਬ ਸਰਕਾਰ ਦੇ ਸਿਹਤ ਮੰਤਰੀ ਡਾਕਟਰ ਵਿਜੇ ਸਿੰਗਲਾ ਆਪਣੇ ਵਿਭਾਗ ਵਿਚ ਵੱਡੇ ਪੱਧਰ ਉੱਤੇ ਘੋਟਾਲਾ ਕਰ ਰਹੇ ਸਨ।ਮੁੱਖ ਮੰਤਰੀ ਨੇ ਕਿਹਾ, "ਇਹ ਮੰਤਰੀ ਆਪਣੇ ਵਿਭਾਗ ਦੇ ਹਰ ਟੈਂਡਰ ਵਿਚੋਂ 1% ਹਿੱਸਾ ਰਿਸ਼ਵਤ ਵਜੋਂ ਮੰਗਦਾ ਸੀ ਜਿਸ ਦਾ ਸਾਨੂੰ ਜਿਵੇਂ ਹੀ ਪਤਾ ਲੱਗਾ ਉਨ੍ਹਾਂ ਮੰਤਰੀ ਨੂੰ ਬਰਾਖਸਤ ਕਰਨ ਦਾ ਫੈਸਲਾ ਕੀਤਾ। ਇਸ ਦੇ ਨਾਲ ਹੀ ਮੰਤਰੀ ਖਿਲਾਫ਼ ਕਾਨੂੰਨੀ ਕਾਰਵਾਈ ਦੇ ਹੁਕਮ ਦਿੱਤੇ ਹਨ। "ਵਿਜੇ ਸਿੰਗਲਾ ਨੇ ਮੀਡੀਆ ਨੂੰ ਦਿੱਤੇ ਬਿਆਨ ਵਿੱਚ ਕਿਹਾ, "ਇਹ ਪਾਰਟੀ ਤੇ ਭਗਵੰਤ ਮਾਨ ਦੀ ਸਰਕਾਰ ਨੂੰ ਬਦਨਾਮ ਕਰਨ ਦੀ ਸਾਜ਼ਿਸ਼ ਹੈ।"ਇੱਕ ਅਧਿਕਾਰੀ ਨੇ ਤਕਰੀਬਨ ਦਸ ਦਿਨ ਪਹਿਲਾਂ ਮੁੱਖ ਮੰਤਰੀ ਦਫ਼ਤਰ ਨੂੰ ਵਿਜੇ ਸਿੰਗਲਾ ਦੁਆਰਾ ਕੀਤੇ ਜਾ ਰਹੇ ਕਥਿਤ ਭ੍ਰਿਸ਼ਟਾਚਾਰ ਦੀ ਜਾਣਕਾਰੀ ਦਿੱਤੀ।ਮੁੱਖ ਮੰਤਰੀ ਨੇ ਅਧਿਕਾਰੀ ਨੂੰ ਖੁਦ ਭਰੋਸਾ ਦਿੱਤਾ ਕਿ ਉਹ ਉਨ੍ਹਾਂ ਦੇ ਨਾਲ ਹਨ ਅਤੇ ਕਿਸੇ ਮੰਤਰੀ ਤੋਂ ਡਰਨ ਦੀ ਲੋੜ ਨਹੀਂ ਹੈ।ਅਧਿਕਾਰੀਆਂ ਦੀ ਸਹਾਇਤਾ ਨਾਲ ਇੱਕ ਆਪਰੇਸ਼ਨ ਨੂੰ ਅੰਜਾਮ ਦਿੱਤਾ ਗਿਆ ਜਿਸ ਰਾਹੀਂ ਇਹ ਸਾਫ਼ ਹੋ ਗਿਆ ਕਿ ਮੰਤਰੀ ਵਿਜੇ ਸਿੰਗਲਾ ਅਤੇ ਉਨ੍ਹਾਂ ਦੀ ਜਾਣ-ਪਛਾਣ ਵਾਲੇ ਇੱਕ ਫੀਸਦ ਕਮਿਸ਼ਨ ਦੀ ਮੰਗ ਕਰ ਰਹੇ ਸਨ।ਇਸ ਰਿਕਾਰਡਿੰਗ ਤੋਂ ਬਾਅਦ ਪੂਰੇ ਸਬੂਤ ਮਿਲਣ ਮਗਰੋਂ ਮੁੱਖ ਮੰਤਰੀ ਭਗਵੰਤ ਮਾਨ ਨੇ ਕਾਰਵਾਈ ਕੀਤੀ ਅਤੇ ਅਧਿਕਾਰੀਆਂ ਨੂੰ ਆਖਿਆ ਕਿ ਭ੍ਰਿਸ਼ਟਾਚਾਰ ਬਰਦਾਸ਼ਤ ਨਹੀਂ ਹੋਵੇਗਾ।ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਇਸ ਮਸਲੇ ਬਾਰੇ ਭਗਵੰਤ ਮਾਨ ਦੀ ਤਾਰੀਫ਼ ਕੀਤੀ ਹੈ। ਉਨ੍ਹਾਂ ਕਿਹਾ, "ਭਗਵੰਤ ਮਾਨ ਤੁਹਾਡੇ 'ਤੇ ਮਾਣ ਹੈ। ਤੁਹਾਡੀ ਕਾਰਵਾਈ ਨੇ ਮੇਰੀਆਂ ਅੱਖਾਂ ਵਿੱਚ ਹੰਝੂ ਲਿਆ ਦਿੱਤੇ ਹਨ।""ਪੂਰਾ ਦੇਸ਼ ਆਮ ਆਦਮੀ ਪਾਰਟੀ ਉੱਤੇ ਮਾਣ ਕਰਦਾ ਹੈ।"

# ਅਮਰੀਕੀ ਅਗਵਾਈ ਵਾਲੇ ਆਈ.ਪੀ.ਈ. ਐਫ. ਨਾਲ ਜੁੜਿਆ ਭਾਰਤ

ਟੋਕੀਓ- ਸਾਂਝੇ ਉਦੇਸ਼ਾਂ ਦੀ ਪ੍ਰਾਪਤੀ ਲਈ ਹੋਰ ਭਾਈਵਾਲ ਦੇਸ਼ਾਂ ਨੂੰ ਜੋੜਨ ਲਈ ਭਾਰਤ ਅਮਰੀਕਾ ਦੀ ਪਹਿਲਕਦਮੀ ਨਾਲ ਬਣਨ ਵਾਲੇ ਇੰਡੋ-ਪੈਸੀਫਿਕ ਇਕਨਾਮਿਕ ਫਰੇਮਵਰਕ (ਆਈ.ਪੀ.ਈ.ਐਫ.) ਨਾਲ ਜੁੜ ਗਿਆ ਹੈ । ਇਸ ਮੌਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਨਵੀਂ ਦਿੱਲੀ ਇਸ ਖੇਤਰ 'ਚ ਸ਼ਾਂਤੀ ਤੇ ਖੁਸ਼ਹਾਲੀ ਦਾ ਰਾਹ ਪੱਧਰਾ ਕਰਨ ਲਈ ਇਸ ਨੂੰ ਸਮੂਹਿਕ ਤੇ ਲਚੀਲਾ ਢਾਂਚਾ ਬਣਾਉਣ ਲਈ ਕੰਮ ਕਰੇਗੀ।ਕੁਆਡ ਸੰਮੇਲਨ ਤੋਂ ਇਕ ਦਿਨ ਪਹਿਲਾਂ ਆਈ.ਪੀ.ਈ.ਐਫ. ਦੀ ਸ਼ੁਰੂਆਤ ਕਰਨ ਮੌਕੇ ਅਮਰੀਕਾ ਦੇ ਰਾਸ਼ਟਰਪਤੀ ਜੋ ਬਾਈਡਨ ਨੇ ਕਿਹਾ ਕਿ 12 ਦੇਸ਼ ਇਸ ਨਵੀਂ ਪਹਿਲਕਦਮੀ ਨਾਲ ਜੁੜ ਗਏ ਹਨ।ਉਨ੍ਹਾਂ ਕਿਹਾ ਕਿ ਅਮਰੀਕਾ ਨੇ ਹਿੰਦ-ਪ੍ਰਸ਼ਾਂਤ ਖੇਤਰ 'ਚ ਵੱਡਾ ਨਿਵੇਸ਼ ਇਸ ਕਰਕੇ ਕੀਤਾ ਹੈ, ਕਿਉਂਕਿ ਉਹ ਇਸ ਖੇਤਰ ਦੇ ਸਕਾਰਾਤਮਕ ਭਵਿੱਖ ਲਈ ਆਪਣੇ ਦ੍ਰਿਸ਼ਟੀਕੋਣ ਨੂੰ ਅੱਗੇ ਵਧਾਉਣ ਲਈ ਲੰਬੇ ਸਮੇਂ ਤੋਂ ਵਚਨਬੱਧ ਹੈ।ਆਈ.ਪੀ.ਈ.ਐਫ. ਦੇ ਉਦਘਾਟਨੀ ਸਮਾਗਮ ਨੂੰ ਸੰਬੋਧਨ ਕਰਦਿਆਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਆਈ.ਪੀ.ਈ.ਐਫ. ਦਾ ਐਲਾਨ ਹਿੰਦ-ਪ੍ਰਸ਼ਾਂਤ ਖੇਤਰ ਨੂੰ ਵਿਸ਼ਵ ਆਰਥਿਕ ਵਿਕਾਸ ਦਾ ਇੰਜਣ ਬਣਾਉਣ ਦੀ ਸਮੂਹਿਕ ਇੱਛਾ ਦਾ ਐਲਾਨ ਹੈ।ਉਨ੍ਹਾਂ ਕਿਹਾ ਕਿ ਭਾਰਤ ਨੇ ਆਜ਼ਾਦ, ਖੁੱਲ੍ਹੇ ਤੇ ਸਮੂਹਿਕ ਹਿੰਦ-ਪ੍ਰਸ਼ਾਂਤ ਖੇਤਰ ਲਈ ਆਪਣੀ ਵਚਨਬੱਧਤਾ ਜ਼ਾਹਰ ਕੀਤੀ ਹੈ।

# ਭਾਰਤ ਦੀ ਵਿਸ਼ਵ ਜੇਤੂ ਮੁੱਕੇ ਬਾਜ਼ ਨੇ ਹਿਜ਼ਾਬ ਦੇ ਹੱਕ ਵਿੱਚ ਅਵਾਜ਼ ਉਠਾਈ



ਨਵੀਂ ਦਿੱਲੀ- ਵਿਸ਼ਵ ਮੁੱਕੇਬਾਜ਼ੀ ਚੈਂਪੀਅਨ ਨਿਖਤ ਜ਼ਰੀਨ ਨੇ ਕਰਨਾਟਕ ਦੇ ਵਿਦਿਅਕ ਅਦਾਰਿਆਂ ਵਿੱਚ ਹਿਜਾਬ ਉੱਤੇ ਪਾਬੰਦੀ ਬਾਰੇ ਬੋਲਦਿਆਂ ਕਿਹਾ ਕਿ ਕਿਸੇ ਵਿਅਕਤੀ ਦਾ ਪਹਿਰਾਵਾ ਪੂਰੀ ਤਰ੍ਹਾਂ ਉਨ੍ਹਾਂ ਦੀ ਪਸੰਦ ਹੈ।ਉਸਨੇ ਕਿਹਾ ਕਿ ਜੇਕਰ ਲੜਕੀਆਂ ਹਿਜਾਬ ਪਹਿਨਣਾ ਅਤੇ ਆਪਣੇ ਧਰਮ ਦੀ ਪਾਲਣਾ ਕਰਨਾ ਚਾਹੁੰਦੀਆਂ ਹਨ, ਤਾਂ ਇਹ ਪੂਰੀ ਤਰ੍ਹਾਂ ਉਨ੍ਹਾਂ 'ਤੇ ਨਿਰਭਰ ਕਰਦਾ ਹੈ।"ਮੈਨੂੰ ਉਨ੍ਹਾਂ ਦੇ ਹਿਜਾਬ ਪਹਿਨਣ ਨਾਲ ਕੋਈ ਸਮੱਸਿਆ ਨਹੀਂ ਹੈ। ਆਖ਼ਰਕਾਰ, ਇਹ ਉਹਨਾਂ ਦੀ ਆਪਣੀ ਚੋਣ ਹੈ। ਮੈਂ ਇਸ ਨਾਲ ਠੀਕ ਹਾਂ, "ਜ਼ਰੀਨ ਨੇ ਮੀਡੀਆ ਦੁਆਰਾ ਕਿਹਾ ਗਿਆ ਹੈ।

"ਇਹ ਪੂਰੀ ਤਰ੍ਹਾਂ ਉਨ੍ਹਾਂ ਦੀ ਆਪਣੀ ਪਸੰਦ ਹੈ। ਮੈਂ ਉਨ੍ਹਾਂ ਦੀ ਪਸੰਦ 'ਤੇ ਟਿੱਪਣੀ ਨਹੀਂ ਕਰ ਸਕਦੀ। ਮੇਰੀ ਆਪਣੀ ਪਸੰਦ ਹੈ। ਮੈਨੂੰ ਅਜਿਹੇ ਕੱਪੜੇ ਪਹਿਨਣੇ ਪਸੰਦ ਹਨ। ਮੈਨੂੰ ਅਜਿਹੇ ਕੱਪੜੇ ਪਹਿਨਣ ਵਿੱਚ ਕੋਈ ਇਤਰਾਜ਼ ਨਹੀਂ ਹੈ। ਮੇਰੇ ਪਰਿਵਾਰ ਨੂੰ ਮੇਰੇ ਅਜਿਹੇ ਕੱਪੜੇ ਪਾਉਣ 'ਤੇ ਕੋਈ ਇਤਰਾਜ਼ ਨਹੀਂ ਹੈ। ਇਸ ਲਈ, ਮੈਨੂੰ ਪਰਵਾਹ ਨਹੀਂ ਹੈ ਕਿ ਲੋਕ ਮੇਰੇ ਬਾਰੇ ਕੀ ਕਹਿੰਦੇ ਹਨ, "ਨਿਖਤ ਜ਼ਰੀਨ ਨੇ ਵੀਰਵਾਰ ਨੂੰ ਇਸਤਾਂਬੁਲ ਵਿੱਚਲਾਈਟ-ਵੇਟ ਫਾਈਨਲ ਵਿੱਚ ਥਾਈਲੈਂਡ ਦੀ ਜਿਤਪੋਂਗ ਜੁਟਾਮਾਸ ਨੂੰ ਹਰਾ ਕੇ ਮਹਿਲਾ ਵਿਸ਼ਵ ਚੈਂਪੀਅਨਸ਼ਿਪ ਵਿੱਚ 52 ਕਿਲੋਗ੍ਰਾਮ ਵਰਗ ਵਿੱਚ ਸੋਨ ਤ਼ਗਮਾ ਜਿੱਤਿਆ।

# ਸਿੱਖਾਂ ਲਈ ਹਥਿਆਰ ਰੱਖਣਾ ਸਿੱਖ ਮਰਿਯਾਦਾ, ਪ੍ਰੰਪਰਾ ਅਤੇ ਸਮੇਂ ਦੀ ਲੋੜ ਪਰ ਨਜ਼ਾਇਜ਼ ਵਰਤੋਂ ਨਾ ਹੋਵੇ:ਗਜਿੰਦਰ ਸਿੰਘ

ਨਵੀਂ ਦਿੱਲੀ (ਮਨਪ੍ਰੀਤ ਸਿੰਘ ਖਾਲਸਾ):- ਬੀਤੇ ਦਿਨੀਂ ਅਕਾਲ ਤਖਤ ਸਾਹਿਬ ਦੇ ਜੱਥੇਦਾਰ ਗਿਆਨੀ ਹਰਪ੍ਰੀਤ ਸਿੰਘ ਵਲੋਂ ਸਿੱਖ ਕੌਮ ਨੂੰ ਹਥਿਆਰਬੰਦ ਹੋਣ ਦੇ ਦਿੱਤੇ ਬਿਆਨ ਤੇ ਬਹੁਤ ਚਰਚਾ ਹੋ ਰਹੀ ਹੈ ਇਸ ਤੇ ਆਪਣਾ ਪ੍ਰਤੀਕਰਮ ਦੇਂਦਿਆਂ ਦਲ ਖਾਲਸਾ ਦੇ ਜਲਾਵਤਨੀ ਆਗੂ ਭਾਈ ਗਜਿੰਦਰ ਸਿੰਘ ਨੇ ਕਿਹਾ ਕਿ ਸਿੱਖ ਹਥਿਆਰਾਂ ਨੂੰ ਮਰਿਯਾਦਾ, ਜ਼ਰੂਰਤ ਤੇ ਸ਼ਾਨ ਸਮਝ ਕੇ ਰੱਖੋ।ਉਨ੍ਹਾਂ ਕਿਹਾ ਕਿ ਜੱਥੇਦਾਰ ਸਾਹਿਬ ਨੇ ਆਤਮ ਰਖਿਆ ਲਈ ਸਿੱਖਾਂ ਨੂੰ ਲਾਈਸੈਂਸੀ ਹਥਿਆਰ ਰੱਖਣ ਦਾ ਸੁਨੇਹਾ ਕੀ ਦਿੱਤਾ, ਸਿੱਖ ਦੁਸ਼ਮਣਾਂ ਵਿੱਚ ਹਲਚੱਲ ਜਿਹੀ ਮੱਚ ਗਈ ਹੈ।ਜਦਕਿ ਜੱਥੇਦਾਰ ਸਾਹਿਬ ਦਾ ਇਹ ਬਿਆਨ ਐਨ ਸਿੱਖ ਪ੍ਰੰਪਰਾਵਾਂ ਦੇ ਮੁਤਾਬਕ ਹੈ।ਕਿਉਂਕਿ ਹਥਿਆਰ ਰੱਖਣਾ ਸਿੱਖ ਮਰਿਯਾਦਾ ਹੈ, ਪ੍ਰੰਪਰਾ ਵੀ ਹੈ, ਤੇ ਸਮੇਂ ਦੀ ਲੋੜ੍ਹ ਮੁਤਾਬਕ ਵੀ ਹੈ।ਉਨ੍ਹਾਂ ਕਿਹਾ ਸਿੰਘਾਂ ਨੂੰ ਚਾਹੀਦਾ ਹੈ ਕਿ ਉਹ ਜਿਹੜਾ ਵੀ ਹਥਿਆਰ ਰੱਖ ਸਕਦੇ ਹਨ, ਰੱਖਣ।ਕਿਰਪਾਨ, ਤਲਵਾਰ, ਬਰਛੇ ਤੋਂ ਲੈ ਕੇ ਪਸਤੌਲ, ਬੰਦੂਕ ਤੇ ਜੋ ਵੀ ਹੋਰ।

ਜੱਥੇਦਾਰ ਸਾਹਿਬ ਨੇ ਕਹਿ ਦਿੱਤਾ ਇਸੀ ਨੂੰ ਲਾਈਸੈਂਸ ਸਮਝੋ, ਵੈਸੇ ਜੇ ਸਰਕਾਰੀ ਪੇਪਰ ਮਿੱਲ ਸਕੇ, ਤਾਂ ਕੋਈ ਹਰਜ ਨਹੀਂ।ਹਥਿਆਰ ਸਿੰਘਾਂ ਲਈ ਸ਼ਾਨ-ਓ-ਸ਼ੋਕਤ ਦੀ ਨਿਸ਼ਾਨੀ ਵਾਂਗ ਹੁੰਦੇ ਹਨ । ਅੰਤ ਵਿਚ ਉਨ੍ਹਾਂ ਕਿਹਾ ਕਿ ਹਥਿਆਰਾਂ ਨੂੰ ਮਰਿਯਾਦਾ, ਜ਼ਰੂਰਤ ਤੇ ਸ਼ਾਨ ਸਮਝ ਕੇ ਰੱਖੋ, ਪਰ ਕਦੇ ਕਿਸੇ ਗਰੀਬ ਅਤੇ ਮਾੜੇ ਉਤੇ ਇਸ ਦੀ ਨਾਜਾਇਜ਼ ਵਰਤੋਂ ਨਾ ਕਰਿਓ।

ATLAS
ANIMAL HOSPITAL
Open 24 Hours 7 Days a Week





- Animal Dermatology
- Pet Cardiology
- Pet Deworming
- Pet Ear Infection
- Pet Endocrine Diseases
- Pet Eye Infections
- Flea & Tick Control
- Pet Oral Infections
- Pet Allergies
- Pet Anal Gland Expression
- Vaccination
- Dental Cleaning
- Pet Grooming
- Nail Trimming
- Ear Cleaning
- Pet Boarding
- Puppy Training
- Veterinary Diets
- Behavioral Consultation
- Pet Identification
- End of Life

Dr. H. Bhullar
& Associates
Tel: 604-301-0300
5696 Fraser St, Vancouver, BC, V5W 2Z4
www.atlasvetsinvancouver.com

# ਕਾਵਿ ਕਿਆਰੀ

## ਜ਼ੁਬਾਨ ਦਾ ਰਸ



ਨਾ ਅਕਲ ਕੋਈ ਚੰਗੀ ਸੋਚ ਭੋਰਾ,
ਨਾ ਕੋਈ ਬਹੁਤੀ ਤੂੰ ਸਮਝਦਾਰ ਬੀਬੀ।
ਮੋਹਰ ਗੁਰਾਂ ਦੀ ਦਾੜ੍ਹੀ ਪਰਖ ਕੇ ਤੂੰ,
ਕੀਤਾ ਸਿੱਖ ਜਗਤ ‘ਤੇ ਵਾਰ ਬੀਬੀ।

ਜਾਤ ਧਰਮ ਕਿਸੇ ‘ਤੇ ਕਰ ਟਿੱਪਣੀ,
ਐਡੀ ਕਿਹੜੀ ਮਾਰ ਲਈ ਮਾਰ ਬੀਬੀ।
ਮੰਦੇ ਬੋਲ ਕੇ ਬੋਲ ਹਸਾਵਣੇ ਨੂੰ,
ਜਾਣਾ ਕੀਲਿਆ ਨਾ ਸੰਸਾਰ ਬੀਬੀ।

ਨਾਉਂ ਪਿੱਛੇ ਤੂੰ ਸ਼ਬਦ ਸਿੰਘ ਲਾ ਕੇ,
ਸਿੱਖਾਂ ਸਿੰਘਾਂ ‘ਤੇ ਕਰਿਆ ਵਾਰ ਬੀਬੀ।
ਕੱਢ ਜਨਾਜ਼ਾ ਅਕਲ ਆਪਣੀ ਦਾ,
ਖੱਟ ਕਿਹੜਾ ਲਿਆ ਭੰਡਾਰ ਬੀਬੀ।

ਸ਼ਾਨ ਪਰਖ ਕਿਸੇ ਦੀ ਢਾਹ ਲਾ ਕੇ,
ਸੱਚੇ ਹੋਣ ਨਾ ਕਦੇ ਵਪਾਰ ਬੀਬੀ।
ਸਿੰਘ ਲਾਹ ਕੇ ਆਪਣੇ ਨਾਉਂ ਨਾਲ਼ੋਂ,
ਰੱਖ ਦਾਸ ਲੈ ਜਾਂ ਕੁਮਾਰ ਬੀਬੀ।

**ਬਰਾੜ–ਭਗਤਾ ਭਾਈ ਕਾ**
**1–604–751–1113**

## ਗੀਤ

ਛੋਟੇ ਛੋਟੇ ਪੈਰ ਪੁਲਾਂਘਾਂ ਵੱਡੀਆਂ।
ਮੰਜ਼ਿਲ ਦੂਰ ਬੜੀ ਏ ਰਾਵਾਂ ਵੱਡੀਆਂ।
ਛੋਟੇ ਛੋਟੇ ਪੈਰ ਪੁਲਾਂਘਾਂ ਵੱਡੀਆਂ।
ਮਿਹਨਤ ਵਾਲੀ ਪੂਜਾ ਵਿੱਚ ਇਨਸਾਨ ਮਿਲੇ।
ਮਨ ਮੰਦਰ ਦੇ ਅੰਦਰ ਹੀ ਭਗਵਾਨ ਮਿਲੇ।
ਕਰਮ ਨਿਯਮ ਦੀਆਂ ਕਰ ਕੇ ਬਾਵਾਂ ਵੱਡੀਆਂ।
ਛੋਟੇ ਛੋਟੇ ਪੈਰ ਪੁਲਾਂਘਾਂ ਵੱਡੀਆਂ।
ਇੱਛਾਵਾਂ ਦੀਆਂ ਲੰਮੀਆਂ ਲੰਮੀਆਂ ਟਹਿਣੀਆਂ।
ਪੱਤਿਆਂ ਦੇ ਨਾਲ ਭਰੀਆਂ ਭਰੀਆਂ ਰਹਿਣੀਅ।
ਜਿੱਦਾਂ ਬੋਹੜ ਦੀਆਂ ਨੇ ਛਾਂਵਾਂ ਵੱਡੀਆਂ।
ਛੋਟੇ ਛੋਟੇ ਪੈਰ ਪੁਲਾਂਘਾਂ ਵੱਡੀਆਂ।
ਦੂਰੋਂ ਹੀ ਦੁਸ਼ਮਣ ਦੀ ਨੀਯਤ ਜਾਣ ਲਵਾਂ
ਖੰਭਾਂ ਵਿਚ ਉਡਾਰੀ ਜਦ ਮੈਂ ਤਾਣ ਲਵਾਂ।
ਬਾਜਾਂ ਵਰਗੇ ਨੈਣ ਨਿਗਾਵਾਂ ਵੱਡੀਆਂ।
ਛੋਟੇ ਛੋਟੇ ਪੈਰ ਪੁਲਾਂਘਾਂ ਵੱਡੀਆਂ।
ਉਨਤੀ ਕਰ ਕੇ ਚੰਨ ਦੇ ਉਤੇ ਜਾਣਾ ਹੈ।
ਸ਼ਾਂਤ ਸਮੁੰਦਰ ਨੂੰ ਵੀਂ ਸੀਨੇ ਲਾਣਾ ਹੈ।
ਅੰਬਰ ਤੇ ਧਰਤੀ ਦੀਆਂ ਥਾਂਵਾਂ ਵੱਡੀਆਂ।
ਛੋਟੇ ਛੋਟੇ ਪੈਰ ਪੁਲਾਂਘਾਂ ਵੱਡੀਆਂ।
ਬਾਂਸਾਂ ਵਾਂਗੂੰ ਝੁਕ ਕੇ ਅੱਗੇ ਵਧ ਜਾਣਾ।
ਲੋੜ ਪਵੇ ਤਾਂ ਪਰਬਤ ਵਾਗੂੰ ਖੜ ਜਾਣਾ।
ਸਾਹਾਂ ਨਾਲੋਂ ਤੇਜ਼ ਹਵਾਵਾਂ ਵੱਡੀਆਂ।
ਛੋਟੇ ਛੋਟੇ ਪੈਰ ਪੁਲਾਂਘਾਂ ਵੱਡੀਆਂ।
ਰਾਮ ਅਤੇ ਲਕਸ਼ਮਣ ਦਾ ਯੁੱਗ ਯੁੱਗ ਪਿਆਰ ਜਿਵੇਂ।
ਬਣਿਆ ਰਹਿਣਾ ਭਾਰਤ ਦਾ ਸਤਿਕਾਰ ਇਵੇਂ।
ਇੱਕ ਨਿਮਾਣਾ ਭਾਰਤ ਖੜਾਂਵਾਂ ਵੱਡੀਆਂ।
ਛੋਟੇ ਛੋਟੇ ਪੈਰ ਪੁਲਾਂਘਾਂ ਵੱਡੀਆਂ।
ਸੂਰਜ ਦੀ ਲੋਅ ਵਾਂਗੂੰ ਆਣਾ ਜਾਣਾ ਏਂ।
ਇਕ ਦਿਨ ਮੰਜ਼ਿਲ ਨੂੰ ਸੀਨੇ ਨਾਲ ਲਾਣਾ ਏਂ।
ਫਿਰ ਕੀ ਹੋਇਆ ਜੇਕਰ ਰਾਵਾਂ ਵੱਡੀਆਂ।
ਛੋਟੇ ਛੋਟੇ ਪੈਰ ਪੁਲਾਂਘਾਂ ਵੱਡੀਆਂ।
ਸਾਰੀ ਧਰਤੀ ਛੋਟੀ ਅੰਬਰ ਛੋਟਾ ਏਂ।
ਬਾਲਮ ਜਿੱਦਾਂ ਖੂਹ ਦੇ ਅੰਦਰ ਲੋਟਾ ਏਂ।
ਦਾਦੀ ਮਾਂ ਦੀਆਂ ਸੁਖਦ ਕਥਾਵਾਂ ਵੱਡੀਆਂ।

**ਬਲਵਿੰਦਰ ਬਾਲਮ ਗੁਰਦਾਸਪੁਰ**

## ਮਹਿਕਾਂ

**ਇਰਸ਼ਾਦ ਅਲੀ ਖਾਨ**

ਡੁੱਬਦੇ ਮਾਰਚ ’ਚ ਉੱਗਦੇ ਪੱਤਿਆਂ ਨੂੰ ਵੇਖ,
ਰੂਹਾਂ ਦੇ ਦਰਵਾਜ਼ਿਆਂ ’ਤੇ ਮਹਿਕਾਂ ਆਉਂਦੀਆਂ ਨੇ।
ਰਾਹੀਆਂ ਦੇ ਪੈਰ ਸੁੱਕੇ ਪੱਤਿਆਂ ਦਾ ਸ਼ੋਰ ਕਰਦੇ ਨੇ,
ਬਹੁਤਿਆਂ ਦੀਆਂ ਵਾਟਾਂ ਸੋਚਾਂ ’ਚ ਲੰਘਦੀਆਂ ਨੇ।
ਦਿਲ ਦੇ ਸਕੂਨ ਨੂੰ ਪੈੜਾਂ ਦੀਵਾਨੇ ਭੌਰ ਕਰਦੇ ਨੇ,
ਮੱਧਮ ਜਿਹਾ ਰੰਗ ਸੂਹਾ ਰਾਹਾਂ ਉੱਤੇ ਛਾਇਆ ਹੁੰਦਾ।
ਜਿਉਂ ਕਿਸੇ ਵਲੀ ਮੁਰਸ਼ਦ ਨੇ ਡੇਰਾ,
ਦਿਲ ਕਿਸੇ ਦੇ ਅੰਦਰ ਲਾਇਆ ਹੁੰਦਾ।
ਸਾਰੇ ਦਿਨ ਦੀ ਥਕਾਵਟ ਜਦ ਚਿੜੀਆਂ,
ਚਹਿਕ ਚਹਿਕ ਕੇ ਲਾਹੁੰਦੀਆਂ ਨੇ,
ਫਿਰ ਰੂਹਾਂ ਦੇ ਦਰਵਾਜ਼ਿਆਂ ’ਤੇ
ਮਹਿਕਾਂ ਆਉਂਦੀਆਂ ਨੇ।

## ਬੇਕਸੂਰ ਰੱਬ

**ਸਾਹਿਬ ਸਿੰਘ ਸ਼ੱਬੀ**

ਸਬਰ ਬੰਦੇ ’ਚ ਆਪ ਹੈ ਨ੍ਹੀਂ,
ਓਹਨੂੰ ਪਾਉਣ ਲਈ ਕੋਈ ਦਿਲ ’ਚ ਖ਼ੁਆਬ ਹੈ ਨ੍ਹੀਂ,
ਫਲ ਦੀ ਉਡੀਕ ਬੇਸਬਰੀ ਨਾਲ ਕਰਦਾ,
ਬੰਦਾ ਰੱਬ ਨੂੰ ਕਸੂਰਵਾਰ ਦੱਸਦਾ।
ਐਬ ਗੁਨਾਹ ਲੱਖਾਂ ਦਿਲ ਵਿੱਚ ਪਾਲੀ ਫਿਰੇ
ਮਾਪਿਆਂ ਦੀ ਸੇਵਾ ਬੰਦਾ ਦਿਲੋਂ ਟਾਲੀ ਫਿਰੇ,
ਮੰਦਿਰ ਮਸੀਤਾਂ ਵਿੱਚ ਫਿਰੇ ਰਗੜਦਾ ਨੱਕ
ਓਥੇ ਮਿਲਣਾ ਨੀ ਰੱਬ ਇਹ ਤੇਰੇ ਮਨ ਦਾ ਏ ਸ਼ੱਕ,
ਅਕਲ ਦੀ ਗੱਲ ਜੇ ਕਰਦੇ ਨੇ ਮਾਪੇ
ਪਾਗਲਾਂ ਦੇ ਵਾਂਗੂੰ ਉੱਚੀ ਉੱਚੀ ਹੱਸਦਾ।
ਫਲ ਦੀ ਉਡੀਕ ਬੰਦਾ ਬੇਸਬਰੀ ਨਾਲ ਕਰਦਾ
ਬੰਦਾ ਰੱਬ ਨੂੰ ਕਸੂਰਵਾਰ ਦੱਸਦਾ।
ਲੋਕ ਮਿਹਨਤ ਘੱਟ, ਜ਼ਿਆਦਾ ਕਰਦੇ ਨੇ ਸਾੜਾ
ਤਾਹੀਓਂ ਲਿਖ ਬੈਠਾ ਸੱਚ ‘ਸ਼ੱਬੀ’ ਸਵਾੜਾ
ਜੋ ਲਾਂਡਰਾਂ ਦੇ ਕੋਲ ਵੱਸਦਾ
ਫਲ ਦੀ ਉਡੀਕ ਬੇਸਬਰੀ ਨਾਲ ਕਰਦਾ,
ਬੰਦਾ ਰੱਬ ਨੂੰ ਕਸੂਰਵਾਰ ਦੱਸਦਾ।

## ਥੋੜ੍ਹਾ ਥੋੜ੍ਹਾ

**ਡਾ. ਆਤਮਾ ਸਿੰਘ ਗਿੱਲ**

ਪੈ ਗਿਆ ਅੰਬੀਆਂ ਨੂੰ ਬੂਰ ਥੋੜ੍ਹਾ ਥੋੜ੍ਹਾ।
ਹੋ ਗਏ ਨੇ ਸਾਥੋਂ ਉਹ ਦੂਰ ਥੋੜ੍ਹਾ ਥੋੜ੍ਹਾ।
ਕੂਕਦੀਆਂ ਕੋਇਲਾਂ ਅੰਬੀਆਂ ਦੇ ਬੂਟਿਆਂ ’ਤੇ,
ਸਾਡੇ ਵੱਲ ਤੱਕਦੀਆਂ ਘੂਰ ਥੋੜ੍ਹਾ ਥੋੜ੍ਹਾ।
ਉੱਚੀਆਂ ਹਵਾਵਾਂ ਵਿਚ ਉੱਡਦੇ ਨੇ ਉਹ ਹੁਣ,
ਹੋ ਗਿਆ ਏ ਉਨ੍ਹਾਂ ਨੂੰ ਗਰੂਰ ਥੋੜ੍ਹਾ ਥੋੜ੍ਹਾ।
ਖ਼ੁਦਾ ਦੀ ਕਸਮ ਕਦੇ ਗ਼ਮ ਭੁੱਲੇ ਜਾਂਦੇ ਨਹੀਂ,
ਬਿਰਹਾ ਸਤਾਊਗੀ ਜ਼ਰੂਰ ਥੋੜ੍ਹਾ ਥੋੜ੍ਹਾ।
ਸੁਣੀ ਜਾਂ ਖ਼ਬਰ ਬੇਵਫਾਈ ਵਾਲੀ ਉਨ੍ਹਾਂ ਦੀ,
ਦਿਲ ਸਾਡਾ ਹੋ ਗਿਆ ਸੀ ਚੂਰ ਥੋੜ੍ਹਾ ਥੋੜ੍ਹਾ।
ਉਨ੍ਹਾਂ ਉੱਤੇ ਐਵੇਂ ਇਲਜ਼ਾਮ ਲਾਈ ਜਾਂਦੇ ਹਾਂ,
ਸਾਡਾ ਵੀ ਤਾਂ ਹੋਣਾ ਏ ਕਸੂਰ ਥੋੜ੍ਹਾ ਥੋੜ੍ਹਾ।


ਵੈਨਕੂਵਰ ਵਿੱਚ ਸਵੀਟ ਕਿੰਗ ਵਜੋਂ ਜਾਣਿਆ ਜਾਂਦਾ

ਪੰਜਾਬ ਸਵੀਟ ਹਾਊਸ

ਜਿੱਥੇ ਇੰਡੀਆ ਵਰਗੀ ਸਵਾਦ ਮਠਿਆਈ, ਲੱਡੂ, ਗਰਮਾ–ਗਰਮ ਜਲੇਬੀਆਂ ਅਤੇ ਭਾਂਤ–ਭਾਂਤ ਦੇ ਨਮਕੀਨ ਹਰ ਸਮੇਂ ਤਿਆਰ ਮਿਲਦੇ ਹਨ।

ਸਾਨੂੰ ਇੱਕ ਮਠਿਆਈਆਂ ਬਣਾਉਣ ਲਈ ਤਜਰਬੇਕਾਰ ਹਲਵਾਈ ਦੀ ਲੋੜ ਹੈ ਜਿਸ ਕੋਲ ਘਟੋ ਘਟ 5 ਸਾਲ ਦਾ ਤਜਰਬਾ ਹੋਵੇ।

WE NEED AN EXPERIENCED SWEETMAKER, WHICH ATLEAST HAVE 5 YEARS OF EXPERIENCE



ਗੁਰਦੁਆਰਾ ਸਾਹਿਬ, ਜਨਮ ਦਿਨ, ਵਿਆਹ ਸ਼ਾਦੀ ਦੀਆਂ ਪਾਰਟੀਆਂ ਲਈ ਖਾਸ ਡਿਸਕਾਊਂਟ ਵਧੀਆ ਸੇਵਾਂਵਾ ਲਈ ਫੋਨ ਕਰੋ

*2 Locations to Serve you*

#4-12818-72 Ave., Surrey, BC
**604-591-7611**

#8A-31205 Old Yale Rd., Abbotsford, BC
**604-504-1761**



Expert Advice, Consultation & Representation in all your legal matters



**FAMILY LAW**
- Separation, marriage, prenuptial and co-habitation agreements
- Divorce and separation proceedings
- Child and Spousal support
- Division of Property
- Adoption Applications
- Right to move with child applications

**IMMIGRATION LAW**
- Students, Workers and Visitors cases
- All Immigration matters
- Sponsorship cases

**REAL ESTATE IN BC AND ALBERTA**
- Sale and purchase of Residential and Commercial Properties in BC and Alberta
- Sale & Purchase of Business
- Land Use, Real Estate, Property Tax Assessment
- Lien Claims
- Contractual Claims
- Real Estate Litigation

**EMPLOYMENT LAW**
- Review of employment contracts
- Drafting employment contracts
- Wrongful dismissal
- Breach of employment contract
- Workplace injury
- Exploitation & workplace harassment
- Workplace events claims

**CORPORATE & BUSINESS LAW**
- Share holder agreements
- Lease agreement
- Tenancy agreement
- Formation & dissolving of companies
- Partnerships and joint ventures
- Business / Shareholder disputes

**NOTARY SERVICES**
- Notarizations
- Wills, Estates and Trusts
- Affidavits and Declarations
- Visitor Visa, Super Visa Declarations
- Sponsorship Declarations
- Power of attorney

**BENEFITS OF CHOOSING US**
- Low Cost & High Quality Legal Service
- Honest Advice & Customized Solutions
- Client's Satisfaction & Peace of Mind
- Best Results

**CHARANJEET KAUR RAINA**
LAWYER AND NOTARY PUBLIC

**778 835 8455**
#201-13049 76th Avenue, Surrey BC V3W2V7
www.rainalaw.com Email : craina@rainalaw.com

# SHRI GURU RAVIDASS SABHA

VANCOUVER (Established 1982)




# 13th NAGAR KIRTAN

## ਨਗਰ ਕੀਰਤਨ COMMUNITY PARADE

## Sunday, May 29, 2022

IN PARKING LOT

**7271 Gilley Ave.Burnaby**

### ਪ੍ਰੋਗਰਾਮ

ਭੋਗ ਸ੍ਰੀ ਸੁਖਮਨੀ ਸਾਹਿਬ -ਸਵੇਰੇ 10.00 ਵਜੇ
ਨਗਰ ਕੀਰਤਨ ਦੀ ਸ਼ੁਰੂਆਤ - ਦੁਪਿਹਰ 12.00 ਵਜੇ
ਸਮਾਪਤੀ ਸ਼ਾਮ 5.00 ਵਜੇ
ਗੁਰੂ ਕਾ ਲੰਗਰ ਅਤੁੱਟ ਵਰਤੇਗਾ

ਇਸ ਮੌਕੇ ਕੀਰਤਨੀ ਜਥਾ ਭਾਈ ਰਣਜੀਤ ਸਿੰਘ ਜੀ ਮੱਖਣਗੜ੍ਹ ਵਾਲੇ, ਰਾਗੀ ਜਥਾ ਭਾਈ ਭੁਪਿੰਦਰ ਸਿੰਘ, ਢਾਡੀ ਜਥਾ ਹਰਦਿਆਲ ਸਿੰਘ ਜੀ ਅੰਮ੍ਰਿਤਸਰ ਵਾਲੇ ਗੁਰੂ ਜਸ ਰਾਹੀਂ ਸੰਗਤਾਂ ਦੀ 'ਚ ਹਾਜਰੀ ਲਗਾਉਣਗੇ

ਪ੍ਰਸਿੱਧ ਫੀਮੇਲ
ਗਾਇਕਾ ਮਲਕਾ ਜੋਤੀ
ਧਾਰਮਿਕ ਗੀਤਾਂ ਨਾਲ
ਸੰਗਤਾਂ ਨੂੰ ਨਿਹਾਲ
ਕਰਨਗੀਆਂ

### Board of Directors

Rajesh Kumar Toora (Rick)
Surinder Sandhu
Parmjeet Saroya
Kewal Singh Sidhu

Surinder Ranga
Dr. Harjinder Jassal
Nachatter Singh Binji
Satvir Sunder

Rashpal Lakha
Rakesh Kumar Patara
Surinder Kalsi
Gurmail Raulia

### Board of Trustees

Dharampal Kajal
Amartej Virdi

Mohal Lal Chaunkaria
Buta Ram Kainth

Harbhajan Lal Birdi
Gurmit Ram Bains

### FOR MORE INFO TO SEVA AND FOOD STALLS

Surinder Ranga. 604) 657-1778 Paramjit Lakha. 604) 338-3915
Nachattar Binji. 604) 218-0572 Harjinder Jassal 778) 322-4120
Jaswinder Mehmi 604) 787-5261 Rakesh Dadhra (604) 771-5911

Gurdwara Committee apperciate the support and efforts by all the volunteers (Sewadars).



# ਸੋਫਾ ਫੈਕਟਰੀ

**LOWEST PRICES IN TOWN**

## ਸਟੋਰ ਤੇ ਆ
## ਕੇ ਵੇਖੋ



## Biggest Sale of the Year

ਇੱਥੇ ਹਰ ਤਰਾਂ ਦੇ ਟਰੱਕਾਂ ਦੇ ਮੇਟਰੈਸ
ਅਤੇ ਫੋਮ ਦੇ ਗੱਦੇ ਮਿਲਦੇ ਹਨ।

ਗੋਦਰੇਜ਼ ਦੀਆਂ ਅਲਮਾਰੀਆਂ ਦੀ ਨਵੀ ਸ਼ਿਪਮੈਂਟ
ਪਹੁੰਚ ਚੁੱਕੀ ਹੈ 3 ਰੰਗਾਂ ਵਿਚ ਮਜ਼ਬੂਤ ਅਤੇ ਮਾਡਰਨ
ਡਿਜਾਇਨ ਦੀਆਂ ਅਲਮਾਰੀਆਂ, ਜਿਆਦਾ ਸੇਫਟੀ
ਲਈ ਡੱਬਲ ਲਾਕਰ ਸਿਸਟਮ

**$750**
Introductory
Price





## New Style Sofa Set





LIFE TIME WARRANTY
ON FRAME & SPRINGS











ਤੁਹਾਡੇ ਘਰ ਆ ਕੇ ਮਿਣਤੀ ਕਰ ਕੇ
ਕਸਟਮ ਸੈਕਸ਼ਨਲ ਬਣਾਉਂਦੇ ਹਾਂ।
ਤੁਸੀਂ ਆਪਣੀ ਮਰਜ਼ੀ ਦਾ ਕੱਪੜਾ
ਤੇ ਰੰਗ ਸਿਲੈਕਟ ਕਰ ਸਕਦੇ ਹੋ

**ਕੈਨੇਡਾ ਦੇ ਬਣੇ ਹੋਏ ਬਾਕਸ ਬੈੱਡ ਅਤੇ ਫੋਮ ਦੇ ਮੈਟਰਸ ਕਿਸੇ ਵੀ ਸਾਇਜ਼ ਵਿਚ ਮਿਲਦੇ ਹਨ**

# B&B FURNITURE

**12732-80TH AVE. SURREY**
**604.594.6533**

ਪੰਜਾਬ ਕਲਾਥ ਦੇ
ਬਿਲਕੁਲ ਸਾਹਮਣੇ



# Dev Bros

## Custom Tailoring

'ਦੇਵ ਬ੍ਰਦਰਜ' ਕੋਟਕਪੂਰਾ ਵਾਲਿਆਂ ਦਾ
ਨਵਾਂ ਸਟੋਰ ਹੁਣ ਐਬਟਸਫੋਰਡ 'ਚ

**We Specialize In**

*Men's & Women's Clothing *Custom Tailoring,
*Source of Bridal Wear *Party Dresses,
*Punjabi Suits For Fashion Freaks

ਤੁਸੀਂ ਇਥੋਂ ਮਰਦਾਂ ਦੇ ਸੂਟ, Groom Wedding Dress,
ਕੁਰਤੇ ਪਜਾਮੇ, ਲੇਡੀਜ ਸੂਟ, Bride Wedding
Dress latest ਡਿਜਾਈਨਾਂ ਵਿਚ ਖਰੀਦ ਸਕਦੇ ਹੋ

**Phone:604-880-8434**

#118, 32083 Hillcrst Ave, Abbotsford

# PEACE FURNITURE

**For The Peace Of Your Mind**






ਇਥੋਂ ਤੁਸੀਂ ਆਪਣੀ ਮਨਪਸੰਦ ਦੇ ਬੈੱਡ ਬਣਵਾ ਸਕਦੇ ਹੋ

Business Hours:
Mon-Fri: 8am to 6pm
Sat-Sun: 12 pm to 6 pm

**604-902-1415**

**#A/B/C 7967-128St, Surrey, BC V3W 4E7**

Email:sales@peacefurnituire.ca Web:www.peacefurniture.ca